ਹੇਮਜੋਤਿ
ਸਤੰਬਰ 1876

# ਗੀਤ

—ਕੰਵਰ ਸੁਖਦੇਵ

ਅੱਗ ਹਿਜਰਾਂ ਦੀ ਲਾਕੇ
ਸਾਨੂੰ ਦੁੱਖਾਂ ਵਿਚ ਪਾ ਕੇ
ਐਸੇ ਗਏ ਪ੍ਰਦੇਸ
ਤੁਸੀਂ ਮੁੜ ਕੇ ਨਾ ਆਏ
ਅਸੀਂ ਆਪਣੇ ਹੀ ਸ਼ਹਿਰ ਚੰਨਾ ਹੋ ਗਏ ਪਰਾਏ

ਰਾਤ ਪੁੰਨਿਆਂ ਦੀ ਆਵੇ
ਸਾਡੇ ਸੀਨੇ ਅੱਗ ਲਾਵੇ
ਸਾਨੂੰ ਤੇਰੀਆਂ ਉਡੀਕਾਂ
ਸਾਨੂੰ ਚਾਨਣੀ ਨਾ ਭਾਏ
ਅਸੀਂ ਆਪਣੇ ਹੀ ਸ਼ਹਿਰ ਚੰਨਾ ਹੋ ਗਏ ਪਰਾਏ

ਜੇ ਸੀ ਲੁੱਟ ਲੈਣਾ ਚੈਨ
ਕਾਹਨੂੰ ਮੇਲਣੇ ਸੀ ਨੈਣ
ਜੇ ਸੀ ਨੈਣ ਚੁਰਾਉਣੇ
ਕਾਹਨੂੰ ਨੈਣ ਸੀ ਮਿਲਾਏ
ਅਸੀਂ ਆਪਣੇ ਹੀ ਸ਼ਹਿਰ ਚੰਨਾ ਹੋ ਗਏ ਪਰਾਏ

ਮੀਂਹ ਹੰਝੂਆਂ ਦਾ ਵੱਸੇ
ਪੈਰ ਛਾਲਿਆਂ ਨੇ ਡੱਸੇ
ਅਸੀਂ ਸਾਉਣ 'ਚ ਪਿਆਸੇ
ਤੇਰੀ ਤੇਹ ਦੇ ਸਤਾਏ
ਅਸੀਂ ਆਪਣੇ ਹੀ ਸ਼ਹਿਰ ਚੰਨਾ ਹੋ ਗਏ ਪਰਾਏ

ਕਾਹਨੂੰ ਕਰਨੇ ਸੀ ਵਾਅਦੇ
ਭੈੜੇ ਸਨ ਜੇ ਇਰਾਦੇ
ਕਿਉਂ ਸੀ ਨੇਰ੍ਹੀਆਂ 'ਚ ਚੰਨਾਂ
ਮਹਿਲ ਰੇਤ ਦੇ ਬਣਾਏ
ਅਸੀਂ ਆਪਣੇ ਹੀ ਸ਼ਹਿਰ ਚੰਨਾ ਹੋ ਗਏ ਪਰਾਏ

Namdhari Elibrary NamdhariElibrary@gmail.com

ਮਾਸਕ **ਵਰਿਆਮ** ਸਤੰਬਰ 1976

ਜਿਲਦ ਨੰ: 1 ਅੰਕ ਨੰ: 11


| ਨੰ: | | ਪੰਨਾ |
|---|---|---|
| 1. ਚਾਰ ਗ਼ਜ਼ਲਾਂ<br>ਕ੍ਰਿਸ਼ਨ ਸੋਢ, ਸਰਵਨ ਰਾਹੀ, ਲਖਵਿੰਦਰ ਜੌਹਲ, ਕਲਵੰਤ ਜਗਰਾਓ | | 1 |
| 2. ਯਾਦ ਟੁਕੜੀਆਂ | ਪ੍ਰੀਤਮ ਸਿੰਘ ਕਵੀ | 2 |
| 3. ਇਕ ਵੈਦਿਕ ਆਸ਼ਰਮ | ਕੇ. ਐਮ. ਮੁਨਸ਼ੀ | 6 |
| 4. ਘਰ ਵਾਲੀ (ਕਹਾਣੀ) | ਰਾਮ ਸਰੂਪ ਅਣਖੀ | 7 |
| 5. ਬਿਸਤਰਾ (ਕਹਾਣੀ) | ਠਕੀ ਸੁਰਿੰਦਰ ਵਿਜ | 11 |
| 6. ਰੋਲੇ ਤੋਂ ਰਖਿਆ (ਲੇਖ) | ਜਗਦੀਸ਼ ਸਿੰਘ | 13 |
| 7. ਸਤਿਗੁਰੂ ਪ੍ਰਤਾਪ ਸਿੰਘ (ਕਵਿਤਾ) | ਡਾ: ਕਰਮ ਸਿੰਘ ਕਪੂਰ | 15 |
| 8. ਪੰਡਤ ਉਂਕਾਰ ਨਾਥ ਠਾਕੁਰ | ਪ੍ਰੋ: ਜੁਗਿੰਦਰ ਬਾਵਰਾ | 16 |
| 9. ਅਸਾਂ ਪ੍ਰਧਾਨਗੀ ਕੀਤੀ (ਘੁਣਤਰਾਂ) | ਦਲਬੀਰ | 18 |
| 10. ਜਲੰਧਰ ਵਿਚ ਸਾਹਿਤਕ ਸ਼ਾਮ—ਜਗਦੀਸ਼ ਸਿੰਘ | | 21 |
| 11. ਤੁਹਾਡਾ ਪੰਨਾ | | 28 |
| 12. ਅਹਿਮ ਅਪੀਲ | | 30 |


ਪ੍ਰਕਾਸ਼ਨ ਮਿਤੀ : 15 ਸਤੰਬਰ 1976

ਮੁਖ ਸੰਪਾਦਕ : ਜਗਦੀਸ਼ ਸਿੰਘ
ਮੁੱਲ ਪ੍ਰਤੀ ਕਾਪੀ : 1 ਰੁਪਿਆ
ਚੰਦਾ ਸਾਲਾਨਾ : 12 ਰੁਪਏ
ਲਾਈਫ ਮੈਂਬਰਸ਼ਿਪ : 200 ਰੁਪਏ

ਦਫਤਰ ਦਾ ਪਤਾ :
**ਮਾਸਕ ਵਰਿਆਮ,**
**ਲਾਡੋਵਾਲੀ ਰੋਡ**
**ਜਲੰਧਰ 144001.**
ਫੋਨ : 2504 ਪੀ. ਪੀ.

# ਕਰਾਮਾਤ ਕਿ ਅਰਦਾਸ ?

ਸਤਿਗੁਰੂ ਜਗਜੀਤ ਸਿੰਘ ਜੀ ਦੇ ਮੌਜੂਦਾ ਬਰਤਾਨੀਆ ਦੌਰੇ ਸਮੇਂ ਉਹਨਾਂ ਵਲੋਂ ਅਰਦਾਸ ਕਰਕੇ ਮੀਂਹ ਪੁਆਉਣ ਸਬੰਧੀ ਬੜੀ ਚਰਚਾ ਹੈ। ਅੰਗ੍ਰੇਜ਼ੀ ਰੋਜ਼ਨਾਮਾ 'ਮਾਰਨਿੰਗ ਈਕੋ' ਅਤੇ ਅਕਾਲੀ ਪੱਤ੍ਰਕਾ ਨੇ ਇਸ ਸਬੰਧ ਵਿਚ ਖਬਰਾਂ ਛਾਪ ਕੇ ਪਾਠਕਾਂ ਦੀ ਕਾਫੀ ਦਿਲਚਸਪੀ ਵਧਾਈ ਹੈ। ਇਸ ਸਬੰਧ ਵਿਚ ਅਸੀਂ ਆਪਣੀ ਟਿਪਣੀ ਰੀਜ਼ਰਵ ਰਖਦੇ ਹੋਏ ਲੰਡਨ ਤੋਂ ਨਿਕਲਣ ਵਾਲੇ ਸਪਤਾਹਿਕ 'ਇੰਟਰਨੈਸ਼ਨਲ ਸੰਦੇਸ਼' ਦੇ 10 ਸਤੰਬਰ ਦੇ ਅੰਕ ਚੋਂ ਕੁਝ ਅੰਸ਼ ਧਨਵਾਦ ਸਹਿਤ ਛਾਪ ਰਹੇ ਹਾਂ।

"ਬਹੁਤ ਚੰਗੀ ਗੱਲ ਹੈ ਕਿ ਨਾਮਧਾਰੀ ਪੰਥ ਦੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੌਜੂਦਗੀ ਵਿਚ ਵਿਲੀਅਰਡਜ਼ ਰੋਡ ਸਾਊਥਾਲ ਵਿਖੇ ਮਾਂਗਟ ਹਾਲ ਵਿਚ ਸੰਗਤ ਵਲੋਂ ਇੰਗਲੈਂਡ ਵਿਚ ਮੀਂਹ ਪੁਆਉਣ ਲਈ ਕੀਤੀ ਗਈ ਅਰਦਾਸ, ਵਾਹਿ-ਗੁਰੂ ਦੀ ਦਰਗਾਹ ਵਿਚ ਕਬੂਲ ਹੋ ਗਈ ਤੇ ਦੂਸਰੇ ਹੀ ਦਿਨ ਬਾਰਸ਼ ਹੋ ਗਈ। ਕਈ ਥਾਈਂ ਬਹੁਤ ਚੰਗਾ ਮੀਂਹ ਪਿਆ ਹੈ ਤੇ ਬਰਤਾਨਵੀ ਅਖਬਾਰਾਂ ਵਲੋਂ ਮਾਂਗਟ ਹਾਲ ਵਿਚ ਕੀਤੀ ਗਈ ਇਸ ਅਰਦਾਸ ਦਾ ਬਹੁਤ ਪਰਚਾਰ ਕੀਤਾ ਗਿਆ ਹੈ......ਸਿਖਾਂ ਵਿਚ ਅਰਦਾਸ ਦਾ ਬਹੁਤ ਮਹਤਵ ਹੈ। ਹਰ ਕਾਰਜ ਅਰਦਾਸ ਕਰਕੇ ਆਰੰਭ ਕੀਤਾ ਜਾਂਦਾ ਹੈ। ਤੇ ਉਹਦੇ ਪੂਰਣ ਹੋਣ ਉਤੇ ਵੀ ਵਾਹਿਗੁਰੂ ਦੀ ਦਰਗਾਹ ਵਿਚ ਅਰਦਾਸ ਕਰਦੇ, ਸ਼ੁਕਰ ਗੁਜ਼ਾਰਿਆ ਜਾਂਦਾ ਹੈ। ਹਰ ਮੁਹਿੰਮ ਵਾਹਿਗੁਰੂ ਦੀ ਓਟ ਲੈ ਕੇ ਸ਼ੁਰੂ ਕੀਤੀ ਜਾਂਦੀ ਹੈ। ਸਿਖਾਂ ਵਿਚ ਕਰਾਮਾਤ ਦੀ ਕੋਈ ਗੁੰਜਾਇਸ਼ ਨਹੀਂ ਅਤੇ ਨਾ ਹੀ ਗੁਰੂ ਸਾਹਿਬ ਨੇ ਇਸ ਦੀ ਕਦੇ ਹਮਾਇਤ ਕੀਤੀ ਹੈ। ਗੁਰੂ ਸਾਹਿਬ ਪ੍ਰਮਾਣ ਵਿਚ ਯਕੀਨ ਰਖਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਅਗਲੇ ਨੂੰ ਯਕੀਨ ਦੁਆਉਣ ਵਾਲੀ ਹੈਰਾਨਕੁੰਨ ਸ਼ਕਤੀ ਆਪਣੇ ਅਮਲੀ ਅਧਿਐਨ ਰਾਹੀਂ ਅਨੁਭਵਾਂ

ਬਾਕੀ : ਪੰਨਾ 29 ਤੇ।



Namdhari Elibrary NamdhariElibrary@gmail.com

# ਾਰ ਗ਼ਜ਼ਲਾਂ

### ਕ੍ਰਿਸ਼ਨ ਸੋਚ

ਜ਼ਖ਼ਮ ਹੈ, ਦਰਦ ਹੈ, ਪਰੇਸ਼ਾਨੀ ਹੈ।
ਬੜੀ ਮੁਹੱਬਤ ਦੀ ਮਿਹਰਬਾਨੀ ਹੈ।
ਜਿਸ ਦੀ ਬਰਬਾਦੀਆਂ ਦਾ ਚਰਚਾ ਹੈ,
ਮੈਂ ਹੀ ਹਾਂ ਉਹ, ਮੇਰੀ ਕਹਾਣੀ ਹੈ।
ਇੰਜ ਕਹਿ ਕਹਿ ਕੇ ਤੋੜਿਆ ਮੈਨੂੰ,
ਏਸ ਪੱਥਰ 'ਚ ਕਿਧਰੇ ਪਾਣੀ ਹੈ।
ਮੈਨੂੰ ਜ਼ਖ਼ਮਾਂ ਦੇ ਸਮਝਿਆ ਕਾਬਿਲ,
ਮਿਹਰਬਾਨਾਂ ਦੀ ਕਦਰਦਾਨੀ ਹੈ।
ਉਸ ਦੇ ਰਾਹ ਦਾ ਮੈਂ ਮੀਲ-ਪੱਥਰ ਹਾਂ,
ਬੜੀ ਪੱਕੀ ਮੇਰੀ ਨਿਸ਼ਾਨੀ ਹੈ।
ਬਣ ਕੇ ਦਰਿਆ ਜੋ ਥਲ 'ਚੋਂ ਗੁਜ਼ਰੀ ਹੈ,
ਉਹ ਜਵਾਨੀ ਮੇਰੀ ਜਵਾਨੀ ਹੈ।

ਬੀ. ਬੀ. ਕਾਲਜ, ਬੀੜ ਸਾਹਿਬ
(ਅੰਮ੍ਰਿਤਸਰ)

——

### ਸਰਵਨ ਰਾਹੀ

ਸੋਚਾਂ ਦੇ ਪੱਤਣੋਂ ਲੰਘਿਆ ਮਹਿਕਾਂ ਦਾ ਦਰਿਆ।
ਦਾ ਪੰਛੀ ਚੀਰ ਕੇ ਨ੍ਹੇਰਾ ਥਲ ਚੋਂ ਗੁਜ਼ਰ ਗਿਆ।
ਮੌਸਮ ਦੇ ਗਲ ਲਗਕੇ ਪਿਆਸੀ ਸ਼ਬਨਮ ਰੋਈ,
ਪੱਥਰ ਦਾ ਫਿਰ ਵੀ ਯਾਰੋ ਦਿਲ ਨਾ ਪੰਘਰਿਆ।
ਆਸਾਂ ਦੀ ਤੰਗਲੀ ਫੜਕੇ ਨ੍ਹੇਰੇ ਦੇ ਕੁੱਪ ਫੋਲੋ,
ਰਕਾਰ ਤਾਂ ਮਿਲ ਜਾਏਗਾ ਦਿਲ ਦਾ ਸੂਰਜ ਕੁੰਮਿਆ।
ਦੇ ਗੁਲਮੋਹਰਾਂ ਉੱਤੇ ਫੁੱਲਾਂ ਪੀਘਾਂ ਪਾਈਆਂ,
ਲਈ ਬਸਤੀ ਵਿਚ ਛਿੜਿਆ ਰੰਗਾਂ ਦਾ ਚਰਚਾ।
ਦੀ ਬਾਰਸ਼ ਦੇ ਵਿਚ ਸੜਦੀ ਹੋਂਦ ਮੇਰੀ ਨੂੰ ਤੱਕ ਕੇ
ਪਲਾਂ ਲਈ ਕੀਤਾ ਮੇਰੇ ਧੁੱਪਾਂ ਸਿਰ ਤੇ ਸਾਇਆ।

### ਲਖਵਿੰਦਰ ਜੌਹਲ

ਆਪਾ ਮੇਰਾ ਧਰਤੀ ਦੇ ਹਰ ਕਣ ਨਾਲ ਰਹਿੰਦਾ ਜੁੜਿਆ ਹੈ।
ਜਦ ਵੀ ਕਿਧਰੇ ਪੰਛੀ ਵਾਂਗੂ ਵਿੱਚ ਅਕਾਸ਼ੀਂ ਉਡਿਆ ਹੈ।
ਸੋਚ ਮਿਰੀ ਦੇ ਸਾਰੇ ਬਸਤਰ ਲੀਰੋ ਲੀਰ ਨੇ ਹੋ ਜਾਂਦੇ,
ਉਲਝੇ ਰਾਹਾਂ ਦੇ ਵਿਚ ਦਿਲ ਦਾ ਜਦੋਂ ਪੰਖੇਰੂ ਉਡਿਆ ਹੈ।
ਨਾ ਉਸ ਵੀ ਕੁਝ ਹਾਸਲ ਕੀਤਾ ਹੰਝੂ ਚੋ ਕੇ ਨੈਣਾਂ ਚੋਂ,
ਆਪਾ ਪਾਣੀ ਵਿਚ ਰਲਾ ਕੇ ਹਰ ਇਕ ਘਰ ਨੂੰ ਮੁੜਿਆ ਹੈ।
ਸਾਰੀ ਉਮਰ ਤੜਫਨ ਦੇ ਵਿਚ ਜਿਸਨੇ ਰਾਤ ਬਿਤਾਈ ਏ,
ਆਪਣੀ ਹੋਂਦ ਨੂੰ ਲਾਂਬੂ ਲਾ ਉਹ ਆਪਣੀ ਅਗਨੀ ਸੜਿਆ ਹੈ।
ਹਉਮੈ ਦੇ ਵਿਚ ਮੈਨੂੰ ਬਿਰਹੋਂ ਜਦ ਵੀ ਬੋਲੀ ਮਾਰੀ ਏ,
ਹੋਂਦ ਮਿਰੀ ਦਾ ਪਾਣੀ ਉਹਦੇ ਪੱਤਣ ਉੱਤੋਂ ਰੁੜ੍ਹਿਆ ਹੈ।
ਆਪਾਂ ਬੈਠ ਬਨੇਰੇ ਉੱਤੇ ਕਿਰਨਾਂ ਦਾ ਹੱਥ ਫੜਿਆ ਜਾਂ
ਹਰ ਅੰਗ ਮੇਰਾ ਲੂਣ ਦੇ ਵਾਂਗੂ ਆਪੇ ਦੇ ਵਿਚ ਖੁਰਿਆ ਹੈ।

ਪਿੰਡ ਜੰਡਿਆਲਾ
ਜ਼ਿਲ੍ਹਾ ਜਲੰਧਰ

——

### ਕੁਲਵੰਤ ਜਗਰਾਓ

ਹੋਰਾਂ ਦੇ ਗਲ ਤੇ ਜੋ ਛੁਰੀ ਧਰਦਾ ਹੈ ਆਦਮੀ।
ਕੰਡੇ ਦੀ ਚੋਭ ਤੋਂ ਵੀ ਉਹ ਡਰਦਾ ਹੈ ਆਦਮੀ।
ਇਨਸਾਨ ਤੋਂ ਇਹ ਦੇਵਤਾ ਬਣਦਾ ਹੈ ਉਸ ਘੜੀ,
ਬਣ ਕੇ ਘਟਾ ਜਾਂ ਮਿਹਰ ਦੀ ਵਰ੍ਹਦਾ ਹੈ ਆਦਮੀ।
ਪੂਜੇ ਜ਼ਮਾਨਾ ਉਸ ਦਿਆਂ ਪੈਰਾਂ ਦੀ ਧੂੜ ਨੂੰ,
ਜੋ ਦੂਜਿਆਂ ਦੀ ਪੀੜ ਨੂੰ ਹਰਦਾ ਹੈ ਆਦਮੀ।
ਸਾਨੂੰ ਗੁਨਾਹਗਾਰ ਦਾ ਫ਼ਤਵਾ ਜੋ ਦੇ ਰਿਹੈ,
ਪੁੱਛੋ ਨਾ ਉਹ ਕਿੰਨੇ ਗੁਨਾਹ ਕਰਦਾ ਹੈ ਆਦਮੀ।
ਹਿੰਮਤ ਕਰੇ ਤਾਂ ਆਫ਼ਤਾਂ ਨੂੰ ਨੱਥ ਪਾ ਲਵੇ,
ਛੱਡੇ ਜੇ ਦਿਲ ਮਿਟੀ ਤੋਂ ਵੀ ਹਰਦਾ ਹੈ ਆਦਮੀ।
ਡਿੱਗੇ ਤਾਂ ਡਿਗ ਪੈਂਦਾ ਹੈ ਇਹ ਅਸਲੋਂ ਪਾਤਾਲ ਵਿਚ,
ਚੱਲੇ ਤਾਂ ਕਦਮ ਚੰਨ ਤੇ ਧਰਦਾ ਹੈ ਆਦਮੀ।
ਮੁਸ਼ਕਲ ਤਾਂ ਹੈ ਮੁਸ਼ਕਲ ਸਮੇਂ ਮੁਸ਼ਕਿਲ ਕੋਈ ਬਹੁਤ ਦੈ,
ਦਮ ਦੋਸਤੀ ਦਾ ਹਰ ਕੋਈ ਭਰਦਾ ਹੈ ਆਦਮੀ।
ਰੁੱਤਬਾ ਤੇ ਦੌਲਤ ਸ਼ੁਹਰਤਾਂ ਸਭ ਛੱਡ ਜਾਣੀਆਂ,
'ਕੁਲਵੰਤ' ਹਉਮੈ ਕਿਸ ਲਈ ਕਰਦਾ ਹੈ ਆਦਮੀ।



Namdhari Elibrary NamdhariElibrary@gmail.com



# ਯਾਦ-ਟੁਕੜੀਆਂ

—ਪ੍ਰੀਤਮ ਸਿੰਘ ਕਵੀ

ਪ੍ਰੀਤਮ ਸਿੰਘ ਕਵੀ ਜੀ ਦਾ ਨਾਮਧਾਰੀ ਸਮਾਜ ਨਾਲ ਬਹੁਤ ਗੂੜ੍ਹਾ ਵਾਸਤਾ ਹੈ। ਬਚਪਨ ਵਿਚ ਭੈਣੀ ਸਾਹਿਬ ਵਿਦਿਆਲੇ ਵਿਚ ਪੜ੍ਹਦੇ ਰਹੇ ਹਨ। ਕਾਫ਼ੀ ਸਮਾਂ 'ਸਤਿਜੁਗ' ਅਖਬਾਰ ਦੀ ਸੰਪਾਦਨਾ ਕਰਦੇ ਰਹੇ ਹਨ। ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਹੁਤ ਨੇੜੇ ਹੋ ਕੇ ਤਕਿਆ ਅਤੇ ਜਾਣਿਆ ਹੈ। ਹਥਲੇ ਲੇਖ ਵਿਚ ਕਵੀ ਜੀ ਨੇ ਸਤਿਗੁਰੂ ਜੀ ਦੇ ਮਹਾਨ ਪਵਿਤ ਪਾਵਨੀ ਜੀਵਨ ਵਿਚੋਂ ਕੁਝ ਯਾਦਾਂ ਸ਼ਰਧਾਂਜਲੀ ਵਜੋਂ ਅੰਕਤ ਕੀਤੀਆਂ ਹਨ। —ਸੰਪਾਦਕ

ਉਹ ਖ਼ਾਕੀ ਪਸ਼ਮੀਨੇ ਦਾ ਚੋਗਾ ਪਾਈ ਪਸ਼ੂਆਂ ਦੇ ਵਾੜੇ ਵਿਚ ਗਏ। ਚੜ੍ਹਦੇ ਸੂਰਜ ਦੀਆਂ ਲਾਲ-ਲਾਲ ਕਿਰਨਾਂ ਨਾਲ ਉਹਨਾਂ ਦਾ ਸਫੇਦ ਦਾਹੜਾ ਚਮਕ ਉਠਿਆ। ਏਨੇ ਨੂੰ ਇਕ ਗਊ ਨੇ ਆ ਕੇ ਬੜੀਆਂ ਸਧਰਾਈਆਂ ਅੱਖਾਂ ਨਾਲ ਆਪਣੀ ਧੋਣ ਉਹਨਾਂ ਦੇ ਮੋਢੇ ਉਤੇ ਰੱਖ ਦਿਤੀ—ਕਿਸੇ ਪ੍ਰੇਮਿਕਾ ਦੀ ਮਿਲਣੀ! ਉਹਨਾਂ ਆਪਣੀ ਸੱਜੀ ਗੱਲ੍ਹ ਉਸ ਨਾਲ ਘਸਾਈ। ਮੈਨੂੰ ਜਗਿਆਸਾ ਭਰੀਆਂ ਅੱਖਾਂ ਨਾਲ ਤੱਕਦਿਆਂ ਵੇਖ ਕਹਿਣ ਲਗੇ: ਕਵੀ, ਬਈ ਤੁਸੀਂ ਤਾਂ ਹੋਏ ਨਾ ਵਹੁਟੀਆਂ ਵਾਲੇ. ਅਸਾਂ ਵੀ ਕਿਸੇ ਨੂੰ ਪਿਆਰ ਕਰਨਾ ਹੀ ਹੋਇਆ ਨਾ, ਤੇ ਇਹ ਵਿਚਾਰੀ ਬੜੀ ਪਿਆਰ ਭੁਖੀ ਏ! ਪਿਆਰ ਤਾਂ ਜ਼ਹਿਰੀਲੇ ਨਾਗਾਂ ਨੂੰ ਵੱਸ ਕਰ ਲੈਂਦਾ ਏ - ਤੈਨੂੰ ਪਤੈ, ਮੇਰੇ ਦੇਸ਼ ਦੇ ਕਿਸਾਨਾਂ ਨੂੰ ਹੁਣ ਅਜਿਹੀਆਂ ਗਊਆਂ ਦੀ ਲੋੜ ਏ ਜੋ ਵਾਹੁਣ ਲਈ ਚੰਗੇ ਬੋਲ ਦੇਣ ਤੇ ਦੁਧ ਦੇਣ ਵੀਹ-ਵੀਹ ਸੇਰ ਅਤੇ ਦਸ-ਦਸ ਮਹੀਨੇ।

ਅਤੇ ਉਹਨਾਂ ਮੱਝਾਂ-ਗਊਆਂ ਦੀ ਨਸਲਕਸ਼ੀ ਇਸ ਢੰਗ ਨਾਲ ਕੀਤੀ ਕਰਵਾਈ ਕਿ ਉਹਨਾਂ ਦੀ ਪਸ਼ੂ ਸ਼ਾਲਾ, ਦੁਧ, ਲੱਛਣ ਅਤੇ ਸੁੰਦਰਤਾ ਵਲੋਂ ਹਮੇਸ਼ਾ ਦੇਸ਼ ਵਿਚ ਸਰਵੋਤਮ ਆਉਂਦੀ।

... ... ...

ਬਾਰ (ਲਾਇਲਪੁਰ) ਦੇ ਇਕ ਪਿੰਡ, ਉਹ ਕਿਸੇ ਵੇਖਣ ਨੂੰ ਮਾੜਚੂ ਜੇਹੇ ਤੇ ਸ਼ਕਲੋਂ ਸੂਰਤੋਂ ਭੈੜਚੂ ਜਹੇ ਟੱਟੂ ਉਤੇ ਰੀਝ ਪਏ। ਸੇਵਕਾਂ, ਹਮਜੋਲੀਆਂ ਅਤੇ ਵਪਾਰੀਆਂ ਨੇ ਆਖਿਆ: ਮਹਾਰਾਜ, ਇਹ ਕੀ ਖ਼ਰੀਦ ਧਰਿਆ ਜੇ! ਐਵੇਂ ਇਹਦੇ ਕਿਸੇ ਪਿਛਲੇ ਕਰਮ ਤੇ ਹੀ ਤੁਠ ਪਏ ਓ। ਉੱਤਰ ਮਿਲਿਆ: ਪਿਛਲੇ ਦਾ ਤਾਂ ਮੈਨੂੰ ਪਤਾ ਨਹੀਂ—ਪਰ ਜੇ ਇਸ ਨੂੰ ਮੁਨਾਸਬ ਖੁਰਾਕ, ਯੋਗ ਸਿਖਲਾਈ ਤੇ ਲੋੜੀਂਦਾ ਪਿਆਰ ਮਿਲ ਗਿਆ ਤਾਂ ਲੋਹੜੇ ਲੈ ਆਊ। ਸੁਣਨ ਵਾਲੇ ਸਤਿਕਾਰ ਵਜੋਂ ਚੁੱਪ ਤਾਂ ਕਰ ਰਹੇ ਪਰ ਉਸ ਪਕੜ ਦਾ ਕਿਸੇ ਨੂੰ ਅੰਦਾਜ਼ਾ ਨਹੀਂ ਸੀ।

ਭਾਰਤ ਦੇ ਵਾਇਸਰਾਇ ਲਿਨਲਿਥਗੋ ਦੀ ਪਤਨੀ ਲੇਡੀ ਲਿਨਲਿਥਗੋ ਦਾ ਆਪਣਾ ਇਕ ਬਹੁਤ ਸਾਂਭਿਆ ਤੇ ਟਰੇਂਡ ਕੀਤਾ ਘੋੜਾ ਜਦੋਂ ਲਾਹੌਰ ਰੇਸ ਕੋਰਸ ਵਿਚ ਉਸੇ 'ਟੱਟੂ' ਤੋਂ ਹਾਰ ਗਿਆ ਤਾ ਜਾਣਕਾਰਾਂ ਨੇ ਸ਼ਗਨ ਹੀ ਵਿਚਾਰ ਲਿਆ ਕਿ ਅੰਗਰੇਜ਼ ਬਾਹਲਾ ਚਿਰ ਨਹੀਂ ਤੱਕਣ ਲੱਗੇ।

... ... ...

ਮੈਂ ਇਕ ਦਿਨ, ਮੇਰੇ ਲਈ ਓਪਰਾ, ਇਕ ਸੁਆਲ ਪੁਛ ਬੈਠਾ: ਦੀਨਾ ਬੰਧੂ! ਸਿੱਖ ਦਾ ਕਰਤੱਵ ਕੀ ਹੈ?



Namdhari Elibrary NamdhariElibrary@gmail.com

ਆਇਓ ਨੇ : ਗੁਰਬਾਣੀ ਅਨੁਸਾਰ, ਸਤਿਗੁਰੂ ਦੀ ਆਗਿਆ ਲਣਾ ਹੀ ਕਰਤੱਵ ਹੈ ।

... ... ...

ਸੰਤ ਆਲਾ ਸਿੰਘ ਜੀ ਨੇ ਇਕ ਦਿਨ ਉਹਨਾਂ ਦੇ ਸ ਜੁੜੀ ਸੰਗਤ ਵਿਚ ਨਾਮ ਦੀ ਮਹਿਮਾ ਦੀ ਚਰਚਾ ਕਰ-ਆਂ ਨਾਮ ਨੂੰ ਸਭ ਤੋਂ ਉੱਤਮ ਦਸਿਆ । ਵਿਚੋਂ ਟੋਕਦਿਆਂ ਠ ਦਿਆਲ ਬੋਲੇ : ਠੀਕ, ਨਾਮ ਉੱਤਮ ਵਸਤੂ ਹੈ ਪਰ ਖਾ ਸਰੀਰ ਦੀ ਉਤੱਮਤਾ ਦਾ ਕੋਈ ਟਾਕਰਾ ਨਹੀਂ, ਜੇ ਹ ਹੀ ਨਾ ਹੋਵੇ ਜਾ ਕਸੂਤਾ ਰਵੇ, ਤਾਂ ਨਾਮ ਕਿਥੇ ਵਾਸ ੂ ।

... ... ...

"ਤੁਹਾਨੂੰ ਕਦੇ ਕਿਸੇ ਨੂੰ ਖੁਲ੍ਹੇ ਰੂਪ ਵਿਚ ਦਾਨ ਕਰ-ਦਿਆਂ ਨਹੀਂ ਵੇਖਿਆ ?" ਇਕ ਦਿਨ ਕਿਸੇ ਸਿੱਖ ਨੇ ਇਹ ਸਾਲ ਵਾਹ ਦਿਤਾ। ਬੜੇ ਧੀਰਜ ਨਾਲ ਉਤਰ ਦਿਤਾ ਆ : ਦਾਨ ਹਰ ਕੋਈ ਕੁਝ ਨਾ ਕੁਝ ਕਰਦਾ ਹੈ, ਕਰਦੇ ਹੋਣਾ ਚਾਹੀਦਾ ਹੈ । ਉਂਜ ਤਾਂ 1857 ਤੋਂ ਜਾਰੀ 'ਗੁਰੂ ਲੰਗਰ' ਹੀ ਆਪਣੇ ਆਪ ਵਿਚ ਨਿਰੰਤਰ ਚਲਦਾ ਦਾਨ ਪਰ ਜੇ ਤੁਸੀਂ ਮੇਰਾ ਤਰੀਕਾ ਪੁਛੋ ਤਾਂ ਮੈਂ ਜੋ ਮੈਨੂੰ ਸਾਧ ਤ ਵਲੋਂ ਮਿਲਦਾ ਰਹਿੰਦਾ ਹੈ ਉਹ ਦੂਜੇ ਨਿਆਸਰੇ ਅਤੇ ਵੰਦਾਂ ਵਿਚ ਦਿੰਦਾ ਰਹਿੰਦਾ ਹਾਂ ਪਰ ਕਦੇ ਕਦੇ ਇੰਜ ਕਰਦਾ ਹਾਂ ਕਿ ਜੇ ਅਮਕੇ ਘੋੜੇ ਦੇ ਐਨੇ ਵੱਟੇ ਗਏ ਤਾਂ ਆਂ ਕਰਜ਼ ਮਾਰਿਆਂ ਨੂੰ, ਜਾਂ ਉਹਨਾਂ ਨੂੰ, ਜੋ ਮੰਗ ਨਹੀਂ ਦੇ, ਮਸਲੇ ਹਲ ਕਰਨ ਜੋਗੀ ਰਕਮ ਸੱਦ ਕੇ ਦੇ ਗਾ । ਇਹ ਦੇਣਾ ਵਖਾਵੇ ਵਿਚ ਨਹੀਂ ਆਉਂਦਾ ।

... ... ...

ਸਿਖਾਂ ਵਿਚ ਪਰਸਪਰ ਨਾਇਤਫਾਕੀ ਦੇ ਵਧੇ ਹੋਏ ਦੌਰ ਜਿਸ ਨੂੰ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਹਾਸਲ ਹੋਹਨਾਂ ਨੇ ਗੁਰੂ ਨਾਨਕ ਨਾਮ ਲੇਵਾ ਸਰਬ ਸੰਪਰਦਾਇ ਰੰਸ ਬੁਲਾਈ । ਪੱਲਿਓਂ ਬਹੁਤ ਸਾਰਾ ਖਰਚ ਕਰਕੇ ਵਾਂ ਦੇ ਸਿੱਖਾਂ ਨੂੰ ਸੱਦ ਕੇ ਆਖਿਆ : ਮੰਡਨ ਰੂਪ ਵਿਚ ਰ ਕਰੋ, ਖੰਡਨ ਵਿਚ ਨਹੀਂ । ਅਤੇ ਜਰਾਂਦ ਵਧਾਓ ਅਸੀਂ ਇਕ ਦੂਜੇ ਦੇ ਸਟੇਜ ਤੇ ਜਾ ਕੇ ਆਪਣੇ ਆਪਣੇ ਲ ਧਰਮ-ਕਰਮ ਕਰ ਸਕੀਏ । ਮੇਰੇ ਕੋਲ ਆਓ ਤਾਂ ਤਲ ਦਸਾਂ ਗੁਰੂਆਂ ਤਕ ਅਰਦਾਸਾ ਕਰੋ—ਤੁਹਾਡੇ ਘਰ ਕੋਈ ਨਾਮਧਾਰੀ ਜਾਵੇ ਉਸ ਨੂੰ ਦੋ ਵਾਧੂ ਗਿਣ ਲੈਣ ਦਿਓ । ਮਨੁਖ ਹਿਰਦੇ ਦੀ ਵਿਸ਼ਾਲਤਾ ਵਿਚ ਕੀ ਕੁਝ ਨਹੀਂ ਆ ਸਕਦਾ !

... ...

ਗੁਰਬਾਣੀ ਵਿਚ, ਵੱਖ ਵੱਖ ਰਾਗਾਂ ਹੇਠ ਲਿਖੇ ਸ਼ਬਦਾਂ ਨੂੰ ਉਹਨਾਂ ਹੀ ਰਾਗਾਂ ਵਿਚ ਗਾਉਣ, ਸ਼ੁਧ ਰਾਗ ਅਤੇ ਸ਼ੁਧ ਗੁਰਬਾਣੀ ਗੌਣ ਨੂੰ ਰਾਇਜ ਕਰਨ ਵਾਸਤੇ ਭੈਣੀ ਸਾਹਿਬ ਵਿਚ ਇਕ ਗੁਰਮਤ ਸੰਗੀਤ ਸੰਮੇਲਨ ਕੀਤਾ ਗਿਆ । ਭਾਰਤ ਭਰ ਵਿਚੋਂ ਗੁਰਬਾਣੀ ਕੀਰਤਨ ਕਰਨ ਵਾਲੇ ਜੁੜੇ । ਸਿਖ ਪੰਥ ਦੇ ਉਸ ਵੇਲੇ ਦੇ ਮਹਾਨ ਵਿਦਵਾਨ, ਜੱਜ ਸਨ । ਸਾਡੇ ਪਾਸ ਬੈਠੇ ਇਕ ਬਜ਼ੁਰਗ ਕੀਰਤਨੀਏ ਦੇ ਤਾਊਸ ਦੇ ਗਜ਼ ਨੂੰ, ਉਹਦਾ ਅਮਲੀਆਂ ਜਿਹਾ ਲਗਦਾ ਲੜਕਾ, ਜਿਸਨੇ ਘੜੀ ਕੁ ਨੂੰ ਤਬਲਾ ਵਜਾਉਣਾ ਸੀ, ਖ਼ੂਬ ਜ਼ੋਰ ਜ਼ੋਰ ਨਾਲ ਬਰੋਛਾ ਘਸਾ ਰਿਹਾ ਸੀ । ਉਸ ਦੀ ਬੇਧਿਆਨ ਰਖੀ ਦਾਹੜੀ ਤੇ ਉਹਦਾ ਇਸ ਬਰੋਛਾ-ਬਾਜ਼ੀ ਵਿਚ ਹਿਲਣਾ ਸਾਡੀ (ਇਕੋ ਜੇਹੇ ਕਈਆਂ ਦੀ) ਹਾਸੀ ਨਾ ਰੋਕ ਸਕਿਆ । ਪਰ ਜੱਜਾਂ ਨੇ ਓਸੇ ਪਿਤਾ ਪੁੱਤਰ ਨੂੰ ਸਮੇਲਨ ਦਾ ਨੰਬਰ ਇਕ ਗੁਣੀ ਕਰਾਰ ਦੇ ਦਿਤਾ । ਮੈਂ ਆਪਣੀ ਕਰਤੂਤ ਦਸਦਿਆਂ ਉਹਨਾਂ ਨੂੰ ਕਾਰਨ ਪੁਛਿਆ । ਬਚਨ ਕੀਤਾ : ਕਾਰਨ ? ਕਾਰਨ ਮਿਹਨਤ । ਭਾਈ ਹਰਨਾਮ ਸਿੰਘ (ਠੱਟਾ ਟਿੱਬਾ) ਨੇ ਪਹਿਲਾਂ ਸਾਡੀਆਂ ਐਲਾਨੀਆਂ ਸ਼ਰਤਾਂ ਧਿਆਨ ਨਾਲ ਪੜ੍ਹੀਆਂ । ਫਿਰ ਉਹਨਾਂ ਤੇ ਪੂਰਾ ਉਤਰਨ ਲਈ ਦਿਨ ਰਾਤ ਮਿਹਨਤ ਕੀਤੀ । ਇਮਤਿਹਾਨ ਸ਼ਰਤਾਂ ਪੂਰੀਆਂ ਵੇਖਣਾ ਚਾਹੁੰਦਾ ਹੈ ਸੂਰਤਾਂ ਤੇ ਸੀਰਤਾਂ ਵੇਖਣੀਆਂ ਨਹੀਂ ।

... ... ...

ਜਿਸਨੂੰ ਰੋਜ਼ਾਨਾ ਹਜ਼ਾਰਾਂ ਲੱਖਾਂ ਮਸਤਕ ਨਿਉਂਦੇ, ਸੈਂਕੜਿਆਂ-ਹਜ਼ਾਰਾਂ ਦੀ ਭੇਟਾ ਚੜ੍ਹਦੀ, ਉਹ ਇਕ ਦਿਨ ਪੈਰਾਂ ਭਾਰ ਆਪਣੇ ਸਾਦਾ ਜਿਹੇ ਨਿਵਾਸ ਵਿਚ ਬੈਠੇ ਹੋਏ ਸਨ ਕਿ ਉਹਨਾਂ ਨੂੰ, ਮੈਨੂੰ ਹੀ ਇਕ ਹਵਾਲਾ ਵਖਾਣ ਲਈ, ਪੁਸਤਕ ਦੀ ਲੋੜ ਪਈ । ਮੈਂ ਕਿਹਾ : ਮੈਨੂੰ ਦੱਸੋ ਜੀ, ਮੈਂ ਉਹ ਪੁਸਤਕ ਕੱਢ ਲਿਆਵਾਂ !" ਉਹ ਆਪ ਉੱਠੇ, ਪੁਸਤਕ ਲਿਆਕੇ, ਹਵਾਲੇ ਵਾਲੀ ਜਗਾਹ ਵਖਾਂਦਿਆਂ ਕਹਿਣ ਲਗੇ : ਸਿੱਖਾਂ ਨੂੰ, ਸੇਵਕਾਂ ਨੂੰ ਕਿੰਨੀ ਕਿੰਨੀ ਵਾਰ ਸਮਝਾ ਕੇ



Namdhari Elibrary NamdhariElibrary@gmail.com

ਜੇ ਕੋਈ ਗੱਲ ਕਰਵਾਣੀ ਹੋਵੇ ਤਾਂ ਚੰਗਾ ਇਹੋ ਹੈ ਕਿ ਚੁਪ ਕਰਕੇ ਉਠ ਤੇ ਆਪਣਾ ਕੰਮ ਕਰ ਲਓ। ਪਹਿਲਾਂ ਮੈਂ ਤੈਨੂੰ ਵਿਆਖਿਆ ਨਾਲ ਪੁਸਤਕ ਬਾਰੇ ਦੱਸਾਂ, ਫੇਰ ਤੂੰ ਕੁਝ ਹੋਰ ਫੜ ਲਿਆਵੇਂ ਤਾਂ ਤੈਨੂੰ ਭਲਾ-ਬੁਰਾ ਕਹਾਂ, ਚੰਗਾ ਨਹੀਂ ਆਪ ਉਠਕੇ ਮਸਲਾ ਹਲ ਕਰ ਲਵਾਂ।

... ...

ਜੀਵਨ ਨਗਰ ਇਲਾਕੇ ਵਿਚ ਜੀਪ ਦੁਆਰਾ ਜਾਂਦਿਆਂ ਇਕ ਦਿਨ ਮੈਂ ਭੈਣੀ ਸਾਹਿਬ ਵਿਚ ਕੀਤੀ ਇਕ ਗੱਲ ਚੇਤੇ ਕਰਵਾਈ: ਆਪ ਜੀ ਨੇ ਇਕ ਰਾਤੀਂ ਖੇਤਾਂ ਵਿਚ ਡੱਠੇ ਮੰਜੇ ਉਤੇ ਲੱਤ ਤੇ ਲੱਤ ਧਰੀ ਪਿਆ ਕਿਹਾ ਸੀ ਕਿ ਰਾਜਿਆਂ ਮਹਾਰਾਜਿਆਂ ਤੇ ਸ਼ਹਿਨਸ਼ਾਹੀਆਂ ਨਾਲੋਂ ਸਾਡੇ ਸੁਖ ਕਿਤੇ ਵਡੇ ਹਨ। ਉਹਨਾਂ ਦਾ ਹਰ ਬੰਦਾ ਤਨਖਾਹ ਤੇ ਸਾਡਾ ਹਰ ਬੰਦਾ ਸੇਵਾ ਤੇ; ਉਹਨਾਂ ਨੂੰ ਦੁਸ਼ਮਣਾਂ ਤੇ ਸਾਜ਼ਸ਼ੀਆਂ ਦੀ ਚਿੰਤਾ ਪਰ ਅਸੀਂ ਹਰ ਪਾਸਿਓਂ ਬੇਖੌਫ਼! ਉਹ ਲੋਕਾਂ ਤੋਂ ਡੰਡੇ ਨਾਲ ਜਜ਼ੀਆ ਉਗਰਾਹੁੰਦੇ, ਸਾਨੂੰ ਹਰ ਕੋਈ ਦਿਲੋਂ ਮਨੋਂ ਭੇਟ ਕਰਦਾ......ਅੱਜ ਜੀਵਨ ਨਗਰ ਦੇ ਇਲਾਕੇ ਦੇ ਨਾਮਧਾਰੀ ਪਿੰਡਾਂ ਵਿਚ ਉਠਦੇ ਨਿਕੇ ਮੋਟੇ ਝਗੜੇ ਜਾਂ ਆਪ ਜੀ ਦੇ ਬਾਰੇ ਹੀ ਚੰਗੀਆਂ ਮੰਦੀਆਂ ਹਵਾੜਾਂ ਕਢਣ ਵਾਲੇ ਲੋਕ। ਸਤਿਗੁਰਾਂ ਆਖਿਆ: ਮੈਥੋਂ ਜੋ ਸਤਿਗੁਰੂ ਕਰਵਾਇਆ ਏ ਕਰ ਦਿਤਾ ਏ। ਪਹਿਲਾਂ ਜਾ ਜਾ ਦਸਿਆ ਕਿ ਰੌਲੀ ਪੈਣੀ ਹੈ, ਦੇਸ਼ ਨੇ ਰੁਲਣਾ ਹੈ, ਸਮਾਂ ਰਹਿੰਦਿਆਂ ਆ ਜਾਓ ਤੇ ਸੰਭਾਵਤ ਭਾਰਤ ਦੇ ਅੰਦਰਵਾਰ ਕਾਰੋਬਾਰ ਜਾਂ ਜ਼ਮੀਨਾਂ ਬਣਾ ਲਓ। ਜੋ ਆ ਗਏ ਉਹਨਾਂ ਨੂੰ ਅੱਜ ਚਿੰਤਾ ਨਹੀਂ— ਤੇ ਜਿਨ੍ਹਾਂ ਏਥੇ ਆਣ ਕੇ ਨੇਕ ਨੀਅਤੀ ਨਾਲ ਕੰਮ ਕਾਜ ਸ਼ੁਰੂ ਕਰ ਦਿਤਾ ਹੈ ਸੁਖ ਭੋਗਣਗੇ। ਵਧੀਆ ਤੋਂ ਵਧੀਆ ਮਨੁੱਖ ਵੀ ਚੰਗੀਆਂ ਮੰਦੀਆਂ ਹਾਲਤਾਂ ਦਾ ਟਾਕਰਾ ਕਰਦਾ ਰਹਿੰਦਾ ਹੈ। ਮੈਂ ਮੰਦੀਆਂ ਗੱਲਾਂ ਵਲ ਧਿਆਨ ਨਹੀਂ ਦਿੰਦਾ ਮੈਨੂੰ ਏਸ ਗੱਲ ਦੀ ਤਸੱਲੀ ਹੈ ਕਿ ਸਿੱਖਾਂ ਨੂੰ ਮੁੜ ਵਸਾਣ ਤੇ ਚੰਗੀਓਂ ਚੰਗੀ ਜ਼ਮੀਨ ਦੇ ਮਾਲਕ ਬਣਾ ਦਿਤਾ ਹੈ।

... ...

ਇਕ ਵੱਡੀ ਟਰਾਂਸਪੋਰਟ ਦੇ ਮਾਲਕਾਂ, ਜੋ ਨਾਮਧਾਰੀ ਹੀ ਸਨ, ਨੇ ਇਕ ਦਿਨ ਮੈਨੂੰ ਗਿਲਾ ਦਸਿਆ ਕਿ ਸਤਿਗੁਰੂ ਜੀ ਨੇ ਸਾਡੀਆਂ ਰਕਮਾਂ ਨਾਲ ਜੀਵਨ ਨਗਰ ਦੀ ਹਲਕੀ ਜ਼ਮੀਨ ਸਾਨੂੰ ਦਿਤੀ ਪਰ ਵਧੀਆ ਜ਼ਮੀਨ ਛੋਟੇ ਕਿਸਾਨਾਂ ਵਿਚ ਓਸੇ ਮੁੱਲ ਤੇ ਦੇ ਦਿਤੀ। ਮੈਂ ਇਕ ਦਿਨ ਉਹਨਾਂ ਨੂੰ ਪੁੱਛ ਬੈਠਾ ਤਾਂ ਦਸਿਓ ਨੇ: ਸਿਖ ਇਤਿਹਾਸ ਵਿਚ ਇਹ ਇਕੋ ਇਕ ਵਾਕਿਆ ਹੈ ਕਿ ਹਜ਼ਾਰਾਂ ਸਿਖਾਂ ਨੇ ਹਜ਼ਾਰਾਂ ਰੁਪੈ ਬਿਨਾ ਕਿਸੇ ਲਿਖਤ ਪੜ੍ਹਤ ਦੇ ਆਪਣੇ ਧਾਰਮਕ ਮੁਖੀ ਨੂੰ ਦੇ ਕੇ ਕਿਤੇ ਇਕਠੀ ਜ਼ਮੀਨ ਖਰੀਦਣ ਦਾ ਰਾਹ ਕਢਿਆ। ਤੇ ਵੰਡਣ ਲਗਿਆਂ ਮੈਂ ਮਾੜਿਆਂ ਦੀ ਤਰਫਦਾਰੀ ਜ਼ਰੂਰ ਕੀਤੀ ਮੈਨੂੰ ਪਤਾ ਸੀ ਜਿਹਨਾਂ ਦਾ ਵਪਾਰ ਚੋਂ ਕਮਾਇਆ ਧਨ ਹੈ ਉਹ ਵਪਾਰੀ ਤਰੀਕੇ ਨਾਲ ਹੀ ਜ਼ਮੀਨਾਂ ਨੂੰ ਪੱਧਰੀਆਂ ਅ: ਵਾਹੀਯੋਗ ਬਣਾ ਲੈਣਗੇ, ਪਰ ਜਿਹਨਾਂ ਗਰੀਬ ਕਿਸਾਨਾਂ ਦ ਗੁੰਜਾਇਸ਼ ਹੀ ਥੋੜੀ ਹੈ ਉਹਨਾਂ ਨੂੰ ਘਟੀਆ ਜ਼ਮੀਨ ਦੇਣ ਅਨਰਥ ਸੀ। ਨਾਲੇ ਜਿਹਨਾਂ ਆਪ ਹਥੀਂ ਵਾਹੀ ਨਹੀਂ ਕਰਨੀ ਉਹਨਾਂ ਨੂੰ ਹਥੀਂ ਕਿਰਤ ਕਰਨ ਵਾਲਿਆਂ ਨਾ ਤੋਲਿਆ ਨਹੀਂ ਜਾ ਸਕਦਾ।

... ...

ਇਕ ਦਿਨ ਇਕ ਸਿੱਖ ਤੋਂ ਸੁਣਿਆਂ ਕਿ ਸਤਿਗੁ 5-5, 10-10 ਏਕੜ ਜ਼ਮੀਨ ਤਾਂ ਮੁਫ਼ਤ ਦੇ ਦਿ ਹੈ, ਪਰ ਖਾਲਾਂ ਤੇ ਪਾਣੀ ਦਾ ਵਧੀਆ ਪ੍ਰਬੰਧ ਨਹੀਂ ਕਰ ਦਿਤਾ। ਇਸ ਸੁਸਤ ਦਲੀਲ ਬਾਰੇ ਜਦ ਉਹਨਾਂ ਤੋ ਜਾਣਕਾਰੀ ਲਈ ਗਈ ਤਾਂ ਉਹਨਾਂ ਕਿਹਾ: ਬਿਨਾਂ ਕਿ ਲਾਲਚ ਤੋਂ ਕਰੀਬ ਢਾਈ ਸੌ ਗਰੀਬ ਸਿੱਖਾਂ ਨੂੰ 5 ਤੋਂ 1 ਏਕੜ ਤਕ ਮੁਫਤ ਜ਼ਮੀਨ ਦਿਤੀ ਹੈ। ਸੌ ਦੇ ਕਰੀਬ ਕਿਰ ਤੀਆਂ ਨੂੰ ਬੀੜ ਵਿਚ ਨਾ ਮਾਤਰ ਕੀਮਤ ਤੇ ਜ਼ਮੀਨ ਵੰਡੀ ਹੈ ਅਸਲ ਵਿਚ ਜਦੋਂ ਬੰਦਾ ਮੁਫ਼ਤਖੋਰੀ ਦਾ ਹੀ ਆਦੀ ਜਾਏ ਤਾਂ ਉਹ ਆਪ ਕੁਝ ਵੀ ਉਦਮ ਨਹੀਂ ਕਰਨਾ ਚਾਹੁੰਦਾ ਮਿਹਨਤ ਕਰਨ ਵਾਲਿਆਂ ਨੇ ਇਹਨਾ ਜ਼ਮੀਨਾਂ ਦੀ ਇ ਇਕ ਏਕੜ ਵਿਚੋਂ 50-50 ਮਣ ਕਣਕ ਤੇ 80-8 ਮਣ ਧਾਨ ਪੈਦਾ ਕੀਤਾ ਹੈ।

... ...



Namdhari Elibrary NamdhariElibrary@gmail.com

ਉਹਨਾਂ ਨੇ ਅੰਗਰੇਜ਼ ਦੇ ਰਾਜ ਸਮੇਂ, ਅੰਗਰੇਜ਼ ਦੇ ਸਾਮਰਾਜ ਖਿਲਾਫ ਨਫ਼ਰਤ ਸਦਾ ਹੀ ਨਾਮਧਾਰੀਆਂ ਵਿਚ ਜਗਾਈ ਰਖੀ। ਆਪਣੇ ਛੋਟੇ ਭਰਾਵਾਂ ਤੇ ਲੀਡਰ ਨਾਮਧਾਰੀਆਂ ਨੂੰ ਸੁਤੰਤਰਤਾ ਲਹਿਰ ਦੀਆਂ ਆਗੂ ਸਫ਼ਾਂ ਵਿਚ ਕੰਮ ਕਰਨ ਲਈ ਉਤਸ਼ਾਹਤ ਕੀਤਾ। ਕਿਸੇ ਹੀਣ-ਭਾਵ ਵਿਅਕਤੀ ਨੇ ਇਸ ਪਾਲਿਸੀ ਦੀ ਨਿੰਦਾ ਕੀਤੀ ਕਿ ਉਹਨਾਂ ਦੇ ਭਰਾ ਭਾਈ ਤੇ ਸਿੱਖ ਤਾਂ ਅੰਗਰੇਜ਼ਾਂ ਦੇ ਖਿਲਾਫ ਲੜਾਈ ਵਿਚ ਮੋਢੇ ਨਾਲ ਮੋਢਾ ਡਾਹ ਲੜਦੇ ਹਨ ਪਰ ਗੁਰੂ ਜੀ ਉਹਨਾਂ ਨਾਲ ਰੇਸ ਕੋਰਸਾਂ ਵਿਚ ਘੋੜੇ ਦੁੜਾਂਦੇ ਹਨ। ਸਤਿਗੁਰੂ ਜੀ ਨੇ ਇਸ ਬਾਰੇ ਇਂਜ ਦਸਿਆ: ਅਸੀਂ ਸਾਰੇ ਹੀ ਲੜਦੇ ਹਾਂ, ਕੋਈ ਕਿਸੇ ਪੁਜ਼ੀਸ਼ਨ ਤੇ ਕੋਈ ਕਿਸੇ ਤੋਂ। ਮੈਂ ਉਹਨ ਦੀ ਘੋੜ-ਦੌੜ ਵਿਚ ਟੱਕਰ ਲੈਂਦਾ ਹਾਂ ਤੇ ਮੇਰੇ ਸਿਖ ਉਸ ਨਾਲ ਰਾਜਸੀ ਤੇ ਦੂਜੇ ਖੇਤਰਾਂ ਵਿਚ ਜੂਝਦੇ ਹਨ। ਮੁਖੀ ਵਿਅਕਤੀ ਜੇ ਤੋਲ ਸਾਵਾਂ ਨਾ ਰਖ ਕੇ ਚਲੇ ਤਾਂ ਬਹੁਤਾ ਚਿਰ ਚਲ ਨਹੀਂ ਸਕੇਗਾ।

... ...

ਗੱਲਾਂ ਬਹੁਤ ਹਨ ਤੇ ਅੱਜ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪੁੰਨ ਸਿਮਰਤੀ ਦਾ ਦਿਨ ਆ ਢੁਕਾ ਹੈ ਤਾਂ ਯਾਦਾਂ ਦੇ ਝੁਰਮੁਟ ਘੇਰਾ ਘੱਤੀ ਖਲੋਤੇ ਹਨ। ਸਾਡੇ ਪਾਸ ਉਹ ਆਦਰਸ਼ ਪੁਰਸ਼ ਸਨ। ਸਾਡੇ ਸਮੇਂ ਦੇ ਸਤਿਗੁਰੂ। ਗੁਰਬਾਣੀ ਅਨੁਸਾਰ ਸਤਿਗੁਰੂ ਦਾ ਚਰਿਤਰ ਨਾਮਧਾਰੀਆਂ ਨੂੰ ਸਦਾ ਹੀ ਉਹਨਾਂ ਵਿਚੋਂ ਝਲਕਾਰੇ ਦਿੰਦਾ ਰਿਹਾ। ਨਹੀਂ ਤਾਂ ਰੋਜ਼ ਗੁਰਬਾਣੀ ਦਾ ਪਾਠ ਕਰਨ ਵਾਲੇ ਕਿਸੇ ਐਸੇ ਮਨੁਖ ਤੇ ਰੀਝ ਕੇ ਉਹਨੂੰ ਗੁਰੂ ਰੂਪ ਵਿਚ ਨਾ ਪੂਜਦੇ। ਉਹਨਾਂ ਦੇ ਚਰਿਤਰ ਦੀ ਬਣਤਰ ਪੂਰਵ ਗੁਰੂਆਂ ਨਾਲ ਮੇਲ ਖਾਂਦੀ ਅਤੇ ਬਦਲਦੇ ਸਮੇਂ ਦੀ ਲਚਕ ਰਖਦੀ ਸੀ। ਉਹਨਾਂ ਦਾ ਧਾਰਮਿਕ ਤੇ ਸਰੀਰਕ ਨਿਤ ਕਰਮ ਜ਼ਿੰਦਗੀ ਭਰ ਨਿਰਵਿਘਨ ਚਲਦਾ ਰਿਹਾ—ਕੋਈ ਬਿਮਾਰੀ, ਕੋਈ ਸੰਕਟ, ਕੋਈ ਸਫਰ ਉਹਨਾਂ ਨੂੰ ਉਹਨਾਂ ਦੀ ਦਿਨ—ਚਰਯਾ ਤੇ ਮਰਯਾਦਾ ਤੋਂ ਥਿੜਕਾ ਨਹੀਂ ਸਕਿਆ।

ਕੋਈ ਬਾਰਾਂ ਸਾਲ ਪਹਿਲਾਂ ਪਹਾੜਾਂ ਦੀ ਨਾਭੀ ਵਿਚਲੇ ਸ਼ਹਿਰ ਮੰਡੀ ਵਿਖੇ ਬਿਆਸ ਦੇ ਕੰਢੇ ਸੁਅੱਛ ਰੇਤ ਉਤੇ ਇਕ ਦਿਨ ਮੇਰੇ ਮੋਢੇ ਤੇ ਹਥ ਰਖੀ ਦੋ ਤਿੰਨ ਘੰਟੇ ਲਗਾਤਾਰ ਵਿਚਰਦੇ ਰਹੇ। ਅੰਦਰ-ਬਾਹਰ, ਦੂਰ-ਨੇੜੇ ਧਾਰਮਕ-ਰਾਜਸੀ ਕਈ ਮਸਲਿਆਂ ਤੇ ਵਿਚਾਰ ਹੋਈ। ਪਰ ਇਕ ਜ਼ਰੂਰੀ ਗੱਲ ਜੁ ਉਹਨਾਂ ਕੀਤੀ ਉਹ ਜਿਵੇਂ ਮੇਰੇ ਕੰਨਾਂ ਵਿਚੋਂ ਪਦਾਰਥ ਰੂਪ ਹੋ ਅੰਦਰ ਉਤਰ ਗਈ:

ਪਰਤਾਪ ਸਿੰਘ (ਕੈਰੋਂ) ਨੂੰ ਸਲਾਹ ਦਿਤੀ ਸੀ ਕਿ ਤੂੰ ਰਾਜ ਮਦ ਵਿਚ ਨਾ ਆ। ਦੂਜਿਆਂ ਦੇ ਹੱਕਾਂ ਅਧਿਕਾਰਾਂ ਨੂੰ ਪੈਰਾਂ ਹੇਠ ਨਾ ਲਿਤਾੜ ਅਤੇ ਉਹਨਾਂ ਦਾ ਯਰਾਨਾ ਛੱਡ ਜਿਹਨਾਂ ਕਾਰਨ ਤੈਨੂੰ ਵੀ ਬਦਨਾਮ ਹੋਣਾ ਪੈਂਦਾ ਹੈ, ਪਰ ਉਹ ਉਲਟਾ ਉਹਨਾਂ ਲੋਕਾਂ ਦਾ ਹੀ ਆਗਿਆਕਾਰ ਹੋ ਗਿਆ ਹੈ ਜਿਹਨਾਂ ਉਸਦਾ ਕਦੇ ਭਲਾ ਨਹੀਂ ਕਰਨਾ, ਸਗੋਂ ਧੋਖਾ ਦੇਣਗੇ। ਹੁਣ ਉਹ ਚਿੜ ਕੇ, ਉਹਨਾਂ ਦੇ ਪਿੱਛੇ ਲਗ ਕੇ ਮੈਨੂੰ ਕਚਹਿਰੀ ਵਿਚ ਖਲੋਣ ਲਈ ਮਜਬੂਰ ਕਰਦਾ ਹੈ—ਉਸ ਆਦਮੀ ਨੂੰ ਜਿਸਦੇ ਵਡਾਰੂਆਂ ਤੇ ਜਿਹਨਾਂ ਦੇ ਸਿਖਾਂ ਸੇਵਕਾਂ ਗੋਰਿਆਂ ਦੀਆਂ ਕਚਹਿਰੀਆਂ ਦਾ ਬਾਈਕਾਟ ਕੀਤੀ ਰਖਿਆ। ਤੇ ਕਿਹਨੂੰ ਨਹੀਂ ਪਤਾ ਕਿ ਵਕੀਲਾਂ ਦੀ ਪੇਟ-ਪੂਰਤੀ ਤੇ ਝੂਠੀਆਂ ਗਵਾਹੀਆਂ ਨਾਲ ਕਈ ਸੱਚੇ ਸੁੱਚੇ ਰਗੜੇ ਜਾਂਦੇ ਹਨ......ਕਚਹਿਰੀ ਦਾ ਦਿਨ ਮੇਰੀ ਜ਼ਿੰਦਗੀ ਵਿਚ ਨਹੀਂ ਆਵੇਗਾ।

ਅਤੇ ਇਵੇਂ ਹੀ ਹੋਇਆ। ਉਹ ਸੂਰਜ ਜਿਸਨੇ ਆਪਣੇ ਤਪ ਤੇਜ ਨਾਲ ਪੰਜਾਬ ਹੀ ਨਹੀਂ, ਸਾਰੇ ਹਿੰਦੁਸਤਾਨ ਤੇ ਦੂਰ ਨੇੜੇ ਦੇ ਦੇਸ਼ਾਂ ਵਿਚ ਜਾ-ਜਾ ਸੁਅੱਛਤਾ ਅਤੇ ਸਦਾਚਾਰ ਦੀਆਂ ਕਿਰਨਾਂ ਨਾਲ ਅਨੇਕਾਂ ਮਾਨਸਿਕ ਰੋਗੀਆਂ ਦੇ ਹਿਰਦੇ ਰੁਸ਼ਨਾਏ, ਇਕ ਦਿਨ ਸੁਣਿਆ ਕਿ ਕਚਹਿਰੀ ਦੀ ਤਾਰੀਖੋਂ ਪੰਜ ਸੱਤ ਦਿਨ ਪਹਿਲਾਂ ਹੀ ਮਹਾਂ ਸੁੰਨ ਵਿਚ ਵਿਲੀਨ ਹੋ ਗਿਆ। ●



Namdhari Elibrary NamdhariElibrary@gmail.com

# ਇਕ ਵੈਦਿਕ ਆਸ਼ਰਮ

-- ਸਵ. ਕੇ. ਐਮ. ਮੁਨਸ਼ੀ

ਇਕ ਵੈਦਿਕ ਆਸ਼ਰਮ : ਹਰੇ ਭਰੇ ਖੇਤਾਂ ਦੀ ਇਕ ਲੰਬੀ ਚਾਦਰ ਅਤੇ ਦਰਮਿਆਨ ਵਿਚ ਪੁਰਾਣੇ, ਸੁੰਦਰ ਦਰਖਤਾਂ ਦਾ ਇਕ ਝੁੰਗਲਮਾਟਾ, ਭਾਰੇ ਚੌੜਿਆਂ ਵਾਲੀਆਂ ਤਾਕਤਵਰ ਗਾਈਆਂ ਦਰਖਤਾਂ ਦੇ ਹੇਠਾਂ ਘਾਹ ਫੂਸ ਨੂੰ ਮੂੰਹ ਮਾਰਦੀਆਂ ਹੋਈਆਂ, ਕੱਚੇ ਕੋਠੇ ਜਿਹਨਾਂ ਵਿਚ ਲਹਿਰਾਉਂਦੀਆਂ ਦਾਹੜੀਆਂ ਵਾਲੇ ਲੰਬੇ ਆਦਮੀ ਅਤੇ ਵਧੀਆ ਦਿਖ ਵਾਲੀਆਂ ਔਰਤਾਂ ਰਹਿੰਦੀਆਂ ਹਨ. ਇਕ ਸਾਦਾ, ਬਹਾਦਰ ਫਿਰਕਾ ਜਿਹੜਾ ਖੱਦਰ ਪਾਉਂਦਾ ਹੈ, ਹਸਮੁਖ ਹੈ. ਨਿਮਰ ਹੈ ਅਤੇ ਸਦਾ ਆਓ ਭਗਤੀ ਲਈ ਤਿਆਰ ਹੈ । ਦਰਖਤਾਂ ਦੇ ਝੁੰਡ ਦੇ ਕੇਂਦਰ ਵਿਚ ਇਕ ਵੱਡਾ ਕੱਚਾ ਪ੍ਰਾਰਥਨਾ ਹਾਲ ਹੈ ਜਿਸ ਦੀ ਛੱਤ ਕਾਨਿਆਂ ਦੀ ਹੈ ਅਤੇ ਜਿਸ ਵਿਚੋਂ ਤੜਕਸਾਰ ਭਗਤੀ ਨਾਲ ਭਰਪੂਰ ਸੰਗੀਤ, ਮੰਤਰਾਂ ਦੇ ਉਚਾਰਨ ਵਾਂਗ, ਇਕਸਾਰ ਤੌਰ ਤੇ ਲਹਿਰਦਾ ਹੈ । ਲੰਬੀਆਂ ਚਿੱਟੀਆਂ ਦਾੜ੍ਹੀਆਂ ਵਾਲੇ ਸੰਤ ਪਵਿਤਰ ਅੱਗਨੀ ਦੁਆਲੇ ਬੈਠੇ ਘਿਉ ਪਾ ਰਹੇ ਹਨ । ਪਵਿੱਤਰ ਅਗਨੀ ਗੋਲ ਦਾਇਰੇ ਬਣਾਉਂਦੀ ਹੋਈ ਆਸਮਾਨ ਵੱਲ ਵਧਦੀ ਹੈ, ਜਿਵੇਂ ਮਾਨਵ ਦੀ ਆਤਮਾ ਪਰਮਾਤਮਾ ਦੀ ਭਾਲ ਵਿਚ ਜਾਂਦੀ ਹੋਵੇ ।..... ਅਤੇ ਇਸ ਤਰ੍ਹਾਂ ਦਾ ਸੀ ਉਹ ਆਸ਼ਰਮ ਜਿਹੜਾ ਮੈਂ ਪਹਿਲੀ ਨਵੰਬਰ 1941 ਨੂੰ ਲੁਧਿਆਣਾ ਤੋਂ ਸੋਲ੍ਹਾਂ ਮੀਲ ਦੂਰ ਆਪਣੀਆਂ ਅੱਖਾਂ ਨਾਲ ਵੇਖਿਆ । ਇਸ ਥਾਂ ਦਾ ਨਾਮ ਭੈਣੀ ਸਾਹਿਬ ਹੈ, ਜਿਥੇ ਸਤਿਗੁਰੂ ਮਹਾਰਾਜ ਪਰਤਾਪ ਸਿੰਘ ਜੀ ਅਤੇ ਨਾਮਧਾਰੀ ਸਿੱਖ ਰਹਿੰਦੇ ਹਨ ।

ਜਦੋਂ ਮੈਂ ਉਥੇ ਪੁੱਜਾ ਤਾਂ ਚੰਨ ਚਾਨਣੀ ਰਾਤ ਸੀ । ਤਲਿਸਮ ਮੁਕੰਮਲ ਹੈ । ਮੈਂ ਯਕੀਨ ਨਹੀਂ ਕਰ ਸਕਦਾ ਕਿ ਅਜਿਹਾ ਨਿਵੇਕਲਾ ਥਾਂ, ਜਿਥੇ ਵੈਦਿਕ ਰਾਤ ਦੀ ਚੁਪ ਚਾਂ ਅਤੇ ਸੁੰਦਰਤਾ ਉਭਰ ਆਈ ਹੋਵੇ, ਵੀਹਵੀਂ ਸਦੀ ਦੇ ਪੰਜਾਬ ਵਿਚ ਹੋ ਸਕਦਾ ਹੈ ।

ਗੁਰੂ ਜੀ ਇਕ ਸ਼ਾਨਦਾਰ ਸ਼ਖਸੀਅਤ ਸਾਫ ਚਿੱਟੇ ਖੱਦਰ ਦੇ ਕਪੜੇ ਪਾਈ, ਉੱਨ ਦੀ ਮਾਲਾ ਫੜੀ ਇੰਜ ਲਗਦੇ ਹਨ ਜਿਵੇਂ ਰਿਗ ਵੇਦ ਸੰਹਿਤਾ ਵਿਚੋਂ ਬਾਹਰ ਨਿਕਲ ਆਏ ਹੋਣ । ਇਹ ਲੰਬੇ ਅਤੇ ਗੰਭੀਰ ਰਉਂ ਵਾਲੇ ਪੁਰਸ਼ ਹਨ, ਜਿਹਨਾਂ ਦੀ ਸਾਦਾ ਮੁਸਕਰਾਹਟ ਤੁਹਾਨੂੰ ਪ੍ਰਸੰਨ ਕਰ ਦਿੰਦੀ ਹੈ, ਅਤੇ ਇਕ ਅਜਿਹੀ ਨਿਮਰਤਾ ਹੈ ਜਿਹੜੀ ਆਪਣੇ ਭਾਈਚਾਰੇ ਦੀ ਜੀਵਨ ਭਰ ਸੇਵਾ ਕਰਨ ਦੀ ਇੱਛਾ ਵਿਚੋਂ ਪੈਦਾ ਹੋਈ ਹੈ । ਉਹਨਾਂ ਉਤੇ ਸੱਤ ਲੱਖ ਨਾਮਧਾਰੀਆਂ ਦੀ ਪੂਰਨ ਸ਼ਰਧਾ ਹੈ. ਕਿਉਂਕਿ ਉਹਨਾਂ ਲਈ ਉਹਨਾਂ ਦਾ ਹੁਕਮ ਰੱਬ ਦਾ ਹੁਕਮ ਹੈ । ਉਸ ਭਾਈਚਾਰੇ ਵਿਚ ਕੋਈ ਵੀ ਕਾਨੂੰਨੀ ਅਦਾਲਤਾਂ ਵਿਚ ਨਹੀਂ ਜਾਂਦਾ, ਗੁਰੂ ਦਾ ਸ਼ਬਦ ਹੀ ਆਖਰੀ ਨਿਰਣਾ ਹੈ । ਗੁਰੂ ਸੁਘੜਤਾ ਦਾ ਇਕ ਜਿਉਂਦਾ ਜਾਗਦਾ ਪਰਤੀਕ ਹਨ । ਉਹਨਾਂ ਦੀ ਨਿਮਰਤਾ ਅਧੁ-ਨਿਕ, ਓਪਰੀ ਕਿਸਮ ਦੀ ਨਹੀਂ. ਸਗੋਂ ਨਿਰੋਲ ਅਸਲੀ ਹੈ, ਅਜਿਹੀ ਨਿਮਰਤਾ ਜਿਹੜੀ ਮਨ ਦੀ ਪਵਿਤਰਤਾ ਅਤੇ ਚੰਗੀ ਪਰਵਰਸ਼ ਤੋਂ ਹੀ ਪੈਦਾ ਹੁੰਦੀ ਹੈ ਅਤੇ ਮਗਰਲੀਆਂ ਕਈ ਪੀੜ੍ਹੀਆਂ ਵਿਚੋਂ ਆਉਂਦੀ ਹੈ । ਉਹਨਾਂ ਦੇ ਸਲੀਕੇ ਅਗੇ ਸਭ ਤੋਂ ਵਧੀਆ ਆਧੁਨਿਕ ਸਲੀਕਾ ਵੀ ਨਾਕਾਫੀ, ਨੰਗਾ ਨੰਗਾ ਲਗਦਾ ਹੈ । ਉਹ ਸਭਿਅਤਾ ਦਾ ਆਸਣ ਹਨ । ਉਹ ਸੰਗੀਤ ਅਤੇ ਕਵਿਤਾ, ਘੋੜਿਆਂ ਅਤੇ ਗਾਈਆਂ ਬਾਰੇ ਅਤੇ ਅਜ ਦੇ ਕੌਮੀ ਅਤੇ ਕੌਮਾਂਤਰੀ ਮਸਲਿਆਂ ਬਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ।

"ਗੁਰੂ ਜੀ ਇਕ ਨਿਰੰਤਰ ਸਦਾਵਰਤ, ਲੰਗਰ ਚਲਾਉਂਦੇ ਹਨ । ਜਿਹੜਾ ਵੀ ਉਥੇ ਜਾਂਦਾ ਹੈ, ਚਾਹੇ ਉਹ ਕੋਈ ਵੀ ਹੋਵੇ, ਉਸ ਨੂੰ ਭੋਜਨ ਦਿਤਾ ਜਾਂਦਾ ਹੈ ਕਿਉਂਕਿ, ਗੁਰੂ ਜੀ ਮੁਤਾਬਕ ਇਹ ਉਹਨਾਂ ਦੇ ਗੁਰੂ ਦੀ ਇੱਛਾ ਹੈ ।"



Namdhari Elibrary NamdhariElibrary@gmail.com

ਕਹਾਣੀ

# ਘਰ ਵਾਲੀ

— ਰਾਮ ਸਰੂਪ 'ਅਣਖੀ'

ਰਾਮ ਸਰੂਪ ਅਣਖੀ ਜਿਨਾ ਪੰਜਾਬੀ ਪਾਠਕਾਂ ਵਿਚ ਜਾਣਿਆਂ ਜਾਂਦਾ ਹੈ, ਓਦੂੰ ਬਹੁਤਾ ਉਹ ਹਿੰਦੀ ਪਾਠਕਾਂ ਵਲੋਂ ਪਸੰਦ ਕੀਤਾ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਤੋਂ ਬਾਦ ਸ਼ਾਇਦ ਉਹੀ ਪਜਾਬੀ ਕਹਾਣੀਕਾਰ ਹੈ ਜਿਸ ਨੇ ਹਿੰਦੀ ਸਾਹਿਤ ਵਿਚ ਵੀ ਆਪਣਾ ਚੰਗਾ ਸਥਾਨ ਬਣਾ ਲਿਆ ਹੈ। ਮਾਨਵੀ ਭਾਵਨਾਵਾਂ ਨੂੰ ਤੇ ਦਿਲਾਂ ਦੇ ਰਿਸ਼ਤਿਆਂ ਨੂੰ ਅੰਕਤ ਕਰਦੀਆਂ ਅਣਖੀ ਦੀਆਂ ਕਹਾਣੀਆਂ ਕਿਤੇ ਸੁਰ ਅੰਦਰ ਇਕ ਝਰਨਾਹਟ ਛੇੜ ਜਾਂਦੀਆਂ ਹਨ। ਜਿਥੇ ਉਸਦੀ ਕਹਾਣੀ ਕਿਸੇ ਅਨਿਆਂ ਵਿਰੁਧ ਆਵਾਜ਼ ਉਠਾਉਂਦੀ ਹੈ ਤਾਂ ਲਗਦਾ ਹੈ। ਉਸ ਦਾ ਕੱਦ ਸਮੇਂ ਦੇ ਹਾਣ ਦਾ ਹੋ ਗਿਆ।

—ਸੰਪਾਦਕ

ਦਲੀਪ ਅੰਦਰੋਂ ਬਿਲਕੁਲ ਹੀ ਟੁੱਟ ਗਿਆ ਸੀ। ਸਕੂਲ ਜਾਣ ਲਈ ਵੀ ਉਸਦਾ ਜੀਅ ਨਹੀਂ ਕਰਦਾ ਸੀ। ਭੋਗ ਤੋਂ ਬਾਅਦ ਵੀ ਉਸ ਨੇ ਇਕ ਮਹੀਨੇ ਦੀ ਛੁੱਟੀ ਹੋਰ ਲੈ ਲਈ ਸੀ। ਛਿੰਦਾ ਇਕੱਲਾ ਹੀ ਸਾਈਕਲ 'ਤੇ ਸਕੂਲ ਜਾਂਦਾ ਤੇ ਪੜ੍ਹ ਕੇ ਮੁੜ ਆਉਂਦਾ। ਉਹ ਤਾਂ ਸਬਾਤ ਵਿਚ ਮੰਜਾ ਡਾਹ ਲੈਂਦਾ ਤੇ ਦਰੀ ਵਿਛਾ ਕੇ ਸਾਰਾ ਸਾਰਾ ਦਿਨ ਪਿਆ ਰਹਿੰਦਾ। ਸੁੱਤਾ ਰਹਿੰਦਾ। ਜਾਂ ਜਾਗਦਾ ਕੁਝ ਨਾ ਕੁਝ ਸੋਚਦਾ ਰਹਿੰਦਾ।

ਚੁੱਲ੍ਹੇ ਦਾ ਸਾਰਾ ਕੰਮ ਹੁਣ ਮਾਂ ਕਰਦੀ। ਛਿੰਦਾ ਮਾਂ ਦੀ ਮਦਦ ਕਰਦਾ। ਕੁੜੀਆਂ ਵਾਂਗ ਕੰਮ ਕਰਦਾ। ਸਿਆਣਾ ਸੀ। ਮਾਂ ਉਸਦਾ ਦਿਲ ਲਵਾਈਂ ਰਖਦੀ ਉਸ ਨੂੰ ਹੌਸਲਾਂ ਦਿੰਦੀ। ਉਸ ਨਾਲ ਉਸ ਦੇ ਵਿਆਹ ਦੀਆਂ ਗੱਲਾਂ ਕਰਦੀ। ਉਸ ਸਾਹਮਣੇ ਰੋਂਦੀ ਬਿਲਕੁਲ ਨਾ। ਦਲੀਪ ਦੀ ਹਾਲਤ ਦੇਖਦੀ ਤਾਂ ਇਕੱਲੀ ਬੈਠ ਕੇ ਰੋਂਦੀ।

ਕਿੰਨੇ ਹੀ ਸਾਲਾਂ ਤੋਂ ਦੋਸਤਾਂ ਵਿਚ ਬੈਠ ਕੇ ਉਹ ਗੱਲ ਸੁਣਾਇਆ ਕਰਦਾ—ਸਵੇਰ ਵੇਲੇ ਤਾਂ ਦੋ ਜਣੀਆਂ ਜਗਾਉਂ-ਦੀਆਂ ਨੇ ਮੈਨੂੰ। ਇਕ ਸੁਖਵੰਤ, ਇਕ ਚਾਹ।

ਉਸ ਵਿਚ ਐਨੀ ਆਲਸ ਪੈਦਾ ਹੋ ਚੁਕੀ ਸੀ ਜਾਂ ਕਹਿ ਲਓ ਉਸ ਦੀ ਆਦਤ ਬਣ ਚੁਕੀ ਸੀ ਕਿ ਸਵੇਰ ਵੇਲੇ—ਸਰਦੀ ਹੋਵੇ, ਗਰਮੀ ਹੋਵੇ—ਜਦ ਸੁਖਵੰਤ ਉਸ ਦੇ ਮੰਜੇ ਕੋਲ ਪਏ ਛੋਟੇ ਮੇਜ਼ ਉਤੇ ਚਾਹ ਦੀ ਗੜਵੀ ਤੇ ਕੱਚ ਦਾ ਗਿਲਾਸ ਲਿਆ ਕੇ ਰੱਖ ਦਿੰਦੀ ਤੇ ਉਸ ਨੂੰ ਕਹਿੰਦੀ—ਉਠੋ ਚਾਹ ਪੀ ਲਓ; ਤਦ ਹੀ ਉਹ ਮੰਜੇ ਤੋਂ ਖੜ੍ਹਾ ਹੋ ਸਕਦਾ ਸੀ, ਨਹੀਂ ਤਾਂ ਨਹੀਂ। ਕਿਸੇ ਕਿਸੇ ਦਿਨ ਸੁਖਵੰਤ ਜੇ ਆਪ ਵੀ ਸੁਵਖਤੇ ਨਾ ਉਠ ਸਕੀ ਹੁੰਦੀ ਤੇ ਚਾਹ ਨੂੰ ਦੇਰ ਹੋ ਜਾਂਦੀ ਤਾਂ ਉਹ ਓਵੇਂ ਜਿਵੇਂ ਹੀ ਮੰਜੇ ਵਿਚ ਪਿਆ ਰਹਿੰਦਾ। ਭਾਵੇਂ ਜਾਗ ਉਠਿਆ ਹੁੰਦਾ, ਤਦ ਵੀ।

ਮਾਂ ਦੀ ਉਮਰ ਹੁਣ ਸੱਠ ਸਾਲ ਤੋਂ ਉਤੇ ਸੀ। ਇੱਕ ਨੂੰਹ ਦਾ ਵਰਮ। ਸਵੇਰੇ ਸਵੇਰੇ ਮਸਾਂ ਹੀ ਉਹ ਉਠਦੀ। ਡਿਗਦੀ-ਪੈਂਦੀ ਚਾਹ ਬਣਾਉਂਦੀ। ਦਲੀਪ ਤਾਂ ਕਦੋਂ ਦਾ ਜਾਗ ਉਠਿਆ ਹੁੰਦਾ। ਛਿੰਦਾ ਮੰਜੇ 'ਤੇ ਸੁੱਤਾ ਪਿਆ ਹੁੰਦਾ। ਮਾਂ ਨੂੰ ਔਖੀ ਹੁੰਦੀ ਦੇਖ ਕੇ ਦਲੀਪ ਆਪ ਹੀ ਮੰਜੇ ਤੋਂ ਖੜ੍ਹਾ ਹੁੰਦਾ ਤੇ ਟਾਂਡ ਤੋਂ ਗਿਲਾਸ-ਗੜਵੀ ਲੈਕੇ ਆਪ ਹੀ ਪਤੀਲੇ ਵਿਚੋਂ ਪਲੇ ਨਾਲ ਚਾਹ ਪਾ ਲੈਂਦਾ। ਚਾਹ ਪੀਂਦਾ ਉਹ ਸੁਖਵੰਤ ਬਾਰੇ ਹੀ ਸੋਚ ਰਿਹਾ ਹੁੰਦਾ। ਆਪ ਚਾਹ ਪੀ ਕੇ



Namdhari Elibrary NamdhariElibrary@gmail.com

ਫਿਰ ਛਿੰਦੇ ਨੂੰ ਜਗਾਉਂਦਾ। ਬਾਟੀ ਵਿਚ ਚਾਹ ਪਾ ਕੇ ਉਸਦੇ ਮੂੰਹ ਨੂੰ ਲਾ ਦਿੰਦਾ। ਕਿਹੋ ਜਿਹੀ ਕਸੂਤੀ ਆਦਤ ਗਿਝਾਇਆ ਹੋਇਆ ਸੀ, ਸੁਖਵੰਤ ਨੇ ਉਸ ਨੂੰ।

ਕਈ ਵਾਰ ਤਾਂ ਉਸਨੂੰ ਆਪ ਉਠ ਕੇ ਚਾਹ ਕਰਨੀ ਪੈਂਦੀ। ਉਸਦੀ ਜ਼ਿੰਦਗੀ ਵਿਚ ਇਹ ਕਿਹੋ ਜਿਹੇ ਦਿਨ ਆ ਗਏ ਸਨ। ਆਪ ਉਠ ਕੇ ਸਵੇਰੇ ਚਾਹ ਕਰਨੀ ਤਾਂ ਉਸ ਲਈ ਦੁੱਭਰ ਸੀ। ਸੁਖਵੰਤ ਦੇ ਜਿਊਂਦਿਆਂ ਤਾਂ ਉਨ੍ਹੇ ਇਸ ਤਰ੍ਹਾਂ ਇੱਕ ਵਾਰ ਵੀ ਨਹੀਂ ਕੀਤਾ ਸੀ। ਕਿੰਨੀ ਬੀਮਾਰ ਹੁੰਦੀ ਉਹ, ਓਹੀ ਔਖੀ-ਸੁਖਾਲੀ ਉਠਦੀ ਸੀ।

ਫੁਲਕਿਆਂ ਵਰਗੀਆਂ ਰੋਟੀਆਂ ਮਾਂ ਨੇ ਕਦੇ ਵੀ ਨਹੀਂ ਪਕਾਈਆਂ ਸਨ। ਚਕਲਾ-ਵੇਲਣਾ ਤਾਂ ਉਹ ਵਰਤਣ ਹੀ ਨਹੀਂ ਜਾਣਦੀ ਸੀ। ਪਾਣੀ-ਹੱਥ ਦੀਆਂ ਰੋਟੀਆਂ ਲਾਹੁੰਦੀ। ਕਦੇ ਉਹ ਦਲੀਪ ਨੂੰ ਬਹੁਤ ਸੁਆਦ ਲੱਗਿਆ ਕਰਦੀਆਂ ਸਨ। ਸੁਖਵੰਤ ਨੂੰ ਕਹਿ ਕੇ ਉਹ ਮਾਂ ਤੋਂ ਰੋਟੀਆਂ ਲੁਹਾ ਕੇ ਖਾਂਦਾ ਹੁੰਦਾ ਸੀ। ਪਰ ਹੁਣ ਨਿੱਤ ਹੀ ਉਹ ਖਾਣੀਆਂ ਪੈ ਰਹੀਆਂ ਸਨ। ਨਿੱਤ ਤਾਂ ਉਹ ਚੰਗੀਆਂ ਜਿਹੀਆਂ ਨਹੀਂ ਲਗਦੀਆਂ ਸਨ। ਮੋਟੀਆਂ ਮੋਟੀਆਂ ਗੁਲਰੇ ਜਿਹੇ। ਨਿੱਤ ਤਾਂ ਉਹ ਮਸਾਂ ਚਿੱਥੀਆਂ ਜਾਂਦੀਆਂ! ਦੋਵੇਂ ਡੰਗ ਹੀ।

ਮੂੰਗੀ ਦੀ ਦਾਲ ਬਣਾਉਂਦੀ, ਮਾਂ। ਨਾ ਲੂਣ, ਨਾ ਮਿਰਚ। ਜਮ੍ਹਾਂ ਅੰਨ। ਸਵੇਰ ਵੇਲੇ ਨਿੱਤ ਹੀ ਕੱਦੂ ਦੀ ਸਬਜ਼ੀ ਤਾਂ ਉਹ ਖਾ ਕੇ ਹੀ ਖੁਸ਼ ਨਹੀਂ ਸੀ। ਸੁਖਵੰਤ ਕਦੇ ਕੱਦੂ ਦੀ ਸਬਜ਼ੀ ਬਣਾ ਬੈਠਦੀ ਸੀ, ਤੇ ਜੇ ਸੁਆਦ ਨਾ ਬਣੀ ਹੁੰਦੀ ਤਾਂ ਉਹ ਕੌਲੀ ਵਗਾਹ ਮਾਰਦਾ ਸੀ। ਸਬਜ਼ੀ ਜਾਂ ਦਾਲ ਵਿਚ ਲੂਣ ਘੱਟ ਹੁੰਦਾ ਤਾਂ ਉਹ ਸਬਾਤ ਵਿਚ ਰੋਟੀ ਖਾ ਰਿਹਾ ਹੀ ਚੀਖਦਾ—ਲੂਣ ਘੱਟ ਐ। ਰੋਟੀਆਂ ਪਕਾਉਂਦੀ ਰਸੋਈ ਵਿਚੋਂ ਉਠ ਕੇ ਭੱਜੀ ਭੱਜੀ ਉਹ ਲੂਣ ਵਾਲੀ ਡੱਬੀ ਉਸ ਕੋਲ ਰੱਖ ਜਾਂਦੀ ਸੀ। ਕਹਿੰਦੀ—ਪਾ ਲਓ. ਜਿੰਨਾ ਲੋੜ ਹੈ। ਰੋਟੀ ਨਾ ਮੱਚ ਜਾਵੇ ਮੇਰੀ ਤਵੇ 'ਤੇ। ਇਸ ਤਰ੍ਹਾਂ ਨਿੱਤ ਹੀ ਲਗਭਗ ਹੁੰਦਾ। ਅਸਲ ਵਿਚ ਦਲੀਪ ਨੂੰ ਜ਼ਿਆਦਾ ਲੂਣ ਖਾਣ ਦੀ ਆਦਤ ਸੀ। ਟੱਬਰ ਵਿਚ ਸਭ ਤੋਂ ਵੱਧ। ਤੇ ਸੁਖਵੰਤ ਨੂੰ ਆਦਤ ਸੀ ਦਾਲ-ਸਬਜ਼ੀ ਵਿਚ ਵੱਧ ਮਿਰਚਾਂ ਪਾਉਣ ਦੀ। ਉਹ ਚੀਖਦਾ—ਮੁਸਲਮਾਨਾਂ ਦੇ ਜੰਮਦੀ ਤਾਂ ਚੰਗਾ ਸੀ। ਮੂੰਹ 'ਚ ਬੁਰਕੀ ਨਹੀਂ ਪੈਂਦੀ। ਐਨੀਆਂ ਮਿਰਚਾਂ? ਬਹੁਤ ਹੀ ਜ਼ਿਆਦਾ ਹੁੰਦੀਆਂ ਤਾਂ ਕੌਲੀ ਵਿਹੜੇ ਵਿਚ।

ਹੁਣ ਤਾਂ ਸਭ ਕੁਝ ਮਾਂ ਹੀ ਕਰਦੀ ਸੀ। ਮਾਂ ਦਾ ਤਾਂ ਸਭ ਕੁਝ ਹੀ ਮੰਨਜ਼ੂਰ ਸੀ। ਮਾਂ ਸਾਹਮਣੇ ਕਾਹਦੀ ਟੀਕਾ-ਟਿੱਪਣੀ? ਮੂੰਹ ਦਾ ਸੁਆਦ ਤਾਂ ਸੁਖਵੰਤ ਨਾਲ ਹੀ ਚਲਿਆ ਗਿਆ।

ਘੜੇ ਵਿਚੋਂ ਪਾਣੀ ਦਾ ਗਿਲਾਸ ਆਪ ਭਰ ਕੇ ਪੀਣ ਦਾ ਤਜਰਬਾ ਵੀ ਨਵਾਂ ਨਵਾਂ ਹੀ ਹੋ ਰਿਹਾ ਸੀ।

ਉਹ ਸਕੂਲੋਂ ਆਉਂਦਾ। ਸਾਈਕਲ ਨੂੰ ਕੰਧ ਨਾਲ ਖੜਾ ਕਰਕੇ ਸਬਾਤ ਵਿਚ ਬੈਠਦਾ। ਦੂਜੇ ਬਿੰਦ ਹੀ ਸੁਖਵੰਤ ਪਾਣੀ ਦਾ ਗਿਲਾਸ ਲਈ ਖੜੀ ਹੁੰਦੀ। ਪਾਣੀ ਪੀ ਕੇ ਜਿਵੇਂ ਸਾਈਕਲ ਚਲਾਉਣ ਦਾ ਸਾਰਾ ਥਕੇਵਾਂ ਉੱਤਰ ਜਾਂਦਾ ਸੀ। ਮਹਿਸੂਸ ਹੁੰਦਾ ਹੈ, ਉਹ ਥਕੇਵਾਂ ਤਾਂ ਸੁਖਵੰਤ ਦੇ ਹੱਥਾਂ ਦਾ ਪਾਣੀ ਹੀ ਉਤਾਰਦਾ ਸੀ। ਹੁਣ ਵੀ ਤਾਂ ਦੋ ਵਾਰ ਸਾਈਕਲ ਉਤੇ ਉਹ ਮੰਡੀ ਜਾ ਆਇਆ ਹੈ। ਓਵੇਂ ਜਿਵੇਂ ਕੰਧ ਨਾਲ ਸਾਈਕਲ ਖੜਾ ਕਰਕੇ ਸਬਾਤ ਵਿਚ ਬੈਠਾ ਹੈ। ਤੇ ਫਿਰ ਪਾਣੀ ਦੀ ਤਲਬ ਲੱਗੀ ਹੈ। ਉਠਕੇ ਆਪ ਹੀ ਘੜੇ ਵਿਚੋਂ ਪਾਣੀ ਪੀਤਾ ਹੈ। ਓਹ ਸੁਆਦ ਨਹੀਂ ਆਇਆ, ਥਕੇਵਾਂ ਵੀ ਨਹੀਂ ਉਤਰਿਆ। ਦਲੀਪ ਸੋਚਦਾ, ਉਸਨੂੰ ਇਹ ਨਿੱਕੇ ਨਿੱਕੇ ਸਹਾਰੇ ਹੀ ਲੈ ਡੁੱਬਣਗੇ।

ਉਹ ਤਾਂ ਕਪੜੇ ਧੋਣੇ ਵੀ ਭੁੱਲ ਗਿਆ ਸੀ। ਮਾਂ ਵਿਚ ਕਿਥੇ ਪਹੁੰਚ ਸੀ। ਉਸ ਦੇ ਕਪੜੇ ਵੀ ਤਾਂ ਸੁਖਵੰਤ ਹੀ ਧੋਇਆ ਕਰਦੀ ਸੀ। ਮਾਂ ਨੂੰ ਤਾਂ ਹੁਣ ਆਪਣੇ ਕਪੜਿਆਂ ਦਾ ਫਿਕਰ ਸੀ। ਤੇ ਛਿੰਦੇ ਦੇ ਕਪੜੇ? ਜੋ ਨਿੱਤ ਇਕ ਕਮੀਜ਼ ਮੈਲਾ ਕਰਦਾ ਸੀ।

ਅੱਗੋਂ ਦਾ ਫਿਕਰ ਕਰਦਾ। ਗਰਮੀਆਂ ਵਿਚ ਸੁਖਵੰਤ ਚਾਰ ਵਜੇ ਉਠਦੀ। ਪਹਿਲਾਂ ਚਾਹ ਬਣਾ ਕੇ ਉਸਦੇ ਸਿਰਹਾਣੇ ਗੜਵੀ-ਗਿਲਾਸ ਰਖਦੀ। ਉਹ ਜੰਗਲ-ਪਾਣੀ ਉਠ ਜਾਂਦਾ ਤੇ ਫਿਰ ਉਨ ਦੇ ਨਹਾਉਂਦਿਆਂ ਨਹਾਉਂਦਿਆਂ ਉਹ ਸਕੂਲ ਲਿਜਾਣ ਲਈ ਦੋਵੇਂ ਪਿਓ-ਪੁੱਤਾਂ ਦੀ ਰੋਟੀ ਪਕਾ ਕੇ ਟਿਫਨ ਵਿਚ ਬੰਦ ਕਰ ਦਿੰਦੀ। ਸਬਜ਼ੀ ਨਿੱਤ ਬਣਾ ਕੇ ਦਿੰਦੀ। ਸਕੂਲ ਜਾਣ ਵੇਲੇ ਨੂੰ ਦੂਜੀ ਵਾਰ ਦੀ ਚਾਹ ਤੇ ਪਰੌਂਠੇ। ਹੇ ਮੇਰੇ ਰਾਮ! ਕੌਣ ਕਰੇਗਾ ਹੁਣ ਐਨਾ ਕੁਝ? ਮਾਂ ਵਿਚ ਕਿੱਥੇ ਜਾਨ ਹੈ? ਐਨਾ ਸਵੇਰਾਂ ਉਠੇ ਬਗੈਰ ਸਕੂਲ ਲਈ ਤਿਆਰੀ



Namdhari Elibrary NamdhariElibrary@gmail.com

ਹੋਣੀ ਵੀ ਮੁਸ਼ਕਿਲ ਹੈ। ਆਪ ਕਰੇਗਾ? ਆਪ ਹੀ ਤਾਂ ਕਰੇਗਾ। ਹੋਰ ਕੌਣ ਕਰੇਗਾ।

ਸੁਖਵੰਤ ਯਾਦ ਨਹੀਂ ਆਉਂਦੀ, ਉਸਦੇ ਕੰਮ ਯਾਦ ਆਉਂਦੇ ਹਨ।

ਨਹਾਉਣ ਵਾਸਤੇ ਪੰਪ ਤੋਂ ਪਾਣੀ ਦੀ ਬਾਲਟੀ ਵੀ ਓਹੀ ਭਰਦੀ, ਸ਼ਾਮ ਵੇਲੇ ਮੰਜਾ ਵੀ ਉਹੀ ਵਿਛਾਉਂਦੀ, ਉਹ ਤਾਂ ਮੂੰਹ ਵਿਚ ਬੁਰਕੀਆਂ ਵੀ ਪਾਉਣ ਤਕ ਜਾਂਦੀ।

ਇਕ ਵਾਰ ਉਸਦੇ ਹੱਥ ਪੱਕ ਗਏ ਸਨ। ਪਿਲਕਰੇ ਹੀ ਪਿਲਕਰੇ। ਸਾਰਾ ਮਾਸ ਪੂੜੇ ਵਾਂਗ ਉਠ ਖੜ੍ਹਿਆ ਸੀ। ਨਾ ਤਾਂ ਉਸ ਤੋਂ ਰੋਟੀ ਖਾਧੀ ਜਾਂਦੀ ਸੀ ਤੇ ਨਾ ਹੀ ਜੰਗਲ ਵਾਲੇ ਹੱਥ ਧੋਤੇ ਜਾਂਦੇ ਸਨ। ਸੁਖਵੰਤ ਹੀ ਬੈਠ ਕੇ ਜਵਾਕਾਂ ਵਾਂਗ ਉਸਦੇ ਮੂੰਹ ਵਿਚ ਬੁਰਕੀਆਂ ਪਾਉਂਦੀ ਤੇ ਓਹੋ ਹੀ ਉਸਦੇ ਜੰਗਲ ਵਾਲੇ ਹੱਥ ਧੋਂਦੀ। ਦਲੀਪ ਸੋਚਦਾ, ਜੇ ਹੁਣ ਹੋ ਜਾਵੇ ਉਸ ਤਰ੍ਹਾਂ ਤਾਂ ਕੀ ਕਰੇ ਉਹ?

ਬਹੁਤ ਡੂੰਘਾ ਉਤਰ ਕੇ ਉਹ ਸੋਚਣ ਲਗਦਾ ਤਾਂ ਉਸ ਦਾ ਰੋਣ ਨਿਕਲ ਜਾਂਦਾ। ਇਕਲਾ ਬੈਠਾ ਹੀ ਉਹ ਅੱਖਾਂ ਪੂੰਝਦਾ ਰਹਿੰਦਾ। ਉਸ ਨੂੰ ਲਗਦਾ ਕਿ ਸੁਖਵੰਤ ਤਾਂ ਉਸਦੀ ਪਤਨੀ ਵੀ ਸੀ, ਮਾਂ ਵੀ ਸੀ। ਸਭ ਕੁਝ ਹੀ ਸੀ।

ਕਿੰਨਾ ਉਹ ਉਸ ਨਾਲ ਕੁੱਸੇ ਰਹਿੰਦਾ ਸੀ, ਕਿੰਨਾ ਉਹ ਉਸ ਨੂੰ ਝਿੜਕ ਝਿੜਕ ਪੈਂਦਾ ਹੁੰਦਾ, ਕਿੰਨੇ ਵਾਰੀਂ ਉਸ ਨੇ ਉਸ ਨੂੰ ਕੁਟਿੱਆ ਸੀ। ਪਰ ਉਹ ਤਾਂ ਸਮੁੰਦਰ ਸੀ। ਉਸ ਦੇ ਨਿੱਕੇ ਜਿਹੇ ਜੀਵਨ ਵਿਚ ਤੂਫਾਨ ਉਠਦੇ ਸਨ, ਚਲੇ ਜਾਂਦੇ ਸਨ, ਉਹ ਅਡੋਲ ਰਹਿੰਦੀ ਸੀ। ਉਸ ਦਾ ਆਪਣਾ ਜੀਵਨ ਤਾਂ ਕੋਈ ਹੈ ਹੀ ਨਹੀਂ ਸੀ। ਉਹ ਤਾਂ ਜਿਵੇਂ ਦਲੀਪ ਲਈ ਹੀ ਜੰਮੀ ਸੀ। ਉਹ ਤਾਂ ਹਜ਼ਾਰਾਂ ਉਹਨਾਂ ਔਰਤਾਂ ਵਰਗੀ ਇਕ ਘਰੇਲੂ ਔਰਤ ਸੀ, ਅਪਣੇ ਘਰ ਤੋਂ ਬਾਹਰ ਦੀ ਦੁਨੀਆਂ ਨਾਲ ਜਿਨ੍ਹਾਂ ਦਾ ਕੋਈ ਸਬੰਧ ਨਹੀਂ ਹੁੰਦਾ। ਉਹ ਆਪਣੇ ਇਸ ਨਿੱਕੇ ਜਿਹੇ ਸੰਸਾਰ ਵਿਚ ਹੀ ਖੁਸ਼ ਤੇ ਸੰਤੁਸ਼ਟ ਹੁੰਦੀਆਂ ਹਨ।

ਉਹ ਸੋਚਦਾ, ਉਹਦੇ ਕਰਕੇ ਹੀ ਉਸ ਦੇ ਐਨੇ ਦੋਸਤ ਬਣੇ ਹੋਏ ਸਨ। ਘਰੇਲੂ ਸਬੰਧਾਂ ਵਾਲੇ ਦੋਸਤ। ਦੋਸਤ ਮਿਲਣ ਆਉਂਦੇ ਤਾਂ ਉਹਨਾਂ ਦੀਆਂ ਪਤਨੀਆਂ ਵੀ ਨਾਲ ਆਉਂਦੀਆਂ। ਉਹ ਵੀ ਸੁਖਵੰਤ ਨੂੰ ਕਈਆਂ ਦੋਸਤਾਂ ਦੇ ਘਰ ਲੈ ਕੇ ਗਿਆ ਸੀ। ਦੋਸਤਾਂ ਦੀਆਂ ਪਤਨੀਆਂ ਨਾਲ ਤਾਂ ਉਹ ਇਉਂ ਘੁਲ-ਮਿਲ ਜਾਂਦੀ ਜਿਵੇਂ ਚਿਰਾਂ ਤੋਂ ਪਹਿਲਾਂ ਹੀ ਜਾਣਦੀ ਹੋਵੇ। ਜਿਵੇਂ ਸੱਕੀ ਭੈਣ ਹੋਵੇ। ਛਿੰਦੇ ਨੂੰ ਮਾਸੀ ਕਹਿਣ ਲਾ ਦਿੰਦੀ। ਕਦੇ ਕੋਈ ਦੋਸਤ ਇਕੱਲਾ ਵੀ ਆਉਂਦਾ, ਤਾਂ ਉਹ ਉਸ ਨਾਲ ਦਲੀਪ ਵਰਗਾ ਹੀ ਵਿਹਾਰ ਕਰਦੀ ਸੀ। ਇਕ ਦਮ ਹੀ ਖੁਲ੍ਹ ਜਾਂਦੀ ਸੀ। ਕੋਈ ਸੰਗ-ਸ਼ਰਮ ਨਹੀਂ। ਜਿਵੇਂ ਭਰਾ ਲਗਦਾ ਹੋਵੇ। ਉਸ ਦੇ ਦੋਸਤ ਸੁਖਵੰਤ ਦੇ ਵਰਤਾਓ ਤੋਂ ਬਹੁਤ ਪ੍ਰਭਾਵਤ ਸਨ। ਸੜੇ-ਭੁਕੇ ਸੁਭਾਅ ਵਾਲੀ ਪਤਨੀ ਵਾਲਾ ਇਕ ਦੋਸਤ ਤਾਂ ਸੁਖਵੰਤ ਦੀ ਮਸਾਲ ਦੇ ਕੇ ਆਪਣੇ ਘਰ ਵਿਚ ਸੁਖਾਵਾਂ ਤੇ ਸੁਤੰਤਰ ਵਾਤਾਵਰਣ ਪੈਦਾ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਸੀ ਪਰ ਸਦਾ ਹੀ ਅਸਫਲ।

ਇਕ ਵਾਰ ਇਕ ਦੋਸਤ ਆਇਆ ਸੀ। ਪਹਿਲੀ ਵਾਰ ਹੀ ਘਰ ਆਇਆ ਸੀ। ਦੂਰ-ਸ਼ਹਿਰੋਂ ਕਿਤੋਂ। ਸ਼ੁਕਾ ਜਿਹਾ, ਸ਼ਹਿਰੀ ਢੰਗ ਦਾ ਜੀਵਨ ਜਿਉਣ ਵਾਲਾ ਹੀ। ਸੀ ਪਰ ਪੂਰਾ ਯਾਰ। ਸੁਖਵੰਤ ਨੂੰ ਦਲੀਪ ਨੇ ਦਸਿਆ ਸੀ, ਇਹ ਮੇਰੇ ਚੰਗੇ ਦੋਸਤਾਂ 'ਚੋਂ ਦੋਸਤ ਐ। ਉਹ ਲਗਿਆ 'ਫਿਕਰੇ ਜਿਹੇ ਬੋਲਣ। ਸੁਖਵੰਤ ਉਹਦੇ ਨਾਲੋਂ ਤਿੱਖਾ ਜਵਾਬ ਦਿੰਦੀ। ਦੋਵੇਂ ਸਵਾਲਾਂ-ਜਵਾਬਾਂ ਵਿਚ ਦੋ ਘੰਟੇ ਉਲਝੇ ਰਹੇ। ਤੇ ਫਿਰ ਜਦ ਉਹ ਜਾਣ ਲਗਿਆ, ਸੁਖਵੰਤ ਉਸ ਦੇ ਮੋਢੇ ਉਤੋਂ ਦੀ ਆਪਣੀ ਬਾਂਹ ਵਲਾ ਕੇ ਉਸ ਨੂੰ ਕਹਿੰਦੀ ਭੈਣ ਜੀ ਨੂੰ ਤਾਂ ਦਿਖਾ ਕਦੇ।

ਅੱਡੇ 'ਤੇ ਜਾ ਕੇ ਉਹ ਕਹਿੰਦਾ—ਦਲੀਪ, ਭਾਬੀ ਤਾਂ ਬੜੀ ਤਿੱਖੀ ਐ, ਓ। ਬੜੀਆਂ ਸਿਆਣੀਆਂ ਸਿਆਣੀਆਂ ਗੱਲਾਂ ਕੀਤੀਆਂ ਯਾਰ ਇਹਨੇ ਤਾਂ। ਮੈਨੂੰ ਤਾਂ ਯਾਰ ਇਹ ਮਾਂਵਾ ਵਰਗੀ ਲੱਗੀ।

ਕੌਣ ਆਏਗਾ ਹੁਣ ਸੁਖਵੰਤ ਸੱਖਣੇ ਘਰ ਵਿਚ?

ਕੀ ਸੀ ਉਹ, ਜਦ ਉਹ ਅਧਿਆਪਕ ਦੀ ਨੌਕਰੀ ਤੇ ਲਗਿਆ ਸੀ? ਐਫ. ਏ. ਸੀ। ਤਨਖਾਹ ਕੀ ਸੀ? ਸਿਰਫ ਅੱਸੀ ਰੁਪਏ।

ਬਾਅਦ ਵਿਚ ਹੀ ਉਹ ਪੜ੍ਹਿਆ ਸੀ। ਸੁਖਵੰਤ ਦੀ ਪਰੇਰਨਾ ਨਾਲ ਹੀ ਉਸ ਨੇ ਅਗਲੀ ਪੜ੍ਹਾਈ ਸ਼ੁਰੂ ਕੀਤੀ ਸੀ। ਕਹਿੰਦੀ ਹੁੰਦੀ—ਸਕੂਲੋਂ ਆ ਕੇ ਦੱਸ ਕੀ ਮੁੰਗੀ ਦਲਦੇ ਓ ਤੁਸੀਂ? ਕਿਤਾਬਾਂ ਪੜ੍ਹ ਲਿਆ ਕਰੋ। ਹੋਰ ਜਮਾਤ



Namdhari Elibrary NamdhariElibrary@gmail.com

ਪਾਸ ਕਰ ਲਓ। ਤਨਖਾਹ ਵਧ ਜਾਏਗੀ। ਸਾਡੇ ਪਿੰਡ ਐ. ਬਾਹਮਣਾਂ ਦਾ ਮੁੰਡਾ। ਮਾਸਟਰ ਲਗਿਆ ਲਗਿਆ ਹੀ ਪੜ੍ਹੀ ਗਿਆ। ਸੋਲਾਂ ਜਮਾਤਾਂ ਕਰ ਗਿਆ। ਪਤਾ ਨਹੀਂ, ਕਿੰਨੇ ਸੌ ਪਾਉਂਦੇ ਹੁਣ। ਸੁਣਿਐ, ਹੈਡਮਾਸਟਰ ਬਣ ਜਾਏਗਾ ਹੁਣ ਤਾਂ ਉਹ।

ਉਸਨੇ ਬੀ. ਏ. ਦਾ ਇਮਤਿਹਾਨ ਦਿਤਾ ਸੀ ਤੇ ਪਾਸ ਹੋ ਗਿਆ ਸੀ।

ਤੇ ਫਿਰ ਜਦ ਅੰਗਰੇਜ਼ੀ ਦੀ ਐਮ. ਏ. ਦਾ ਇਮਤਿਹਾਨ ਦੇਣ ਲਈ ਉਸ ਨੇ ਪੜ੍ਹਾਈ ਸ਼ੁਰੂ ਕਰ ਦਿਤੀ ਸੀ, ਫੀਸ ਭਰਨ ਵੇਲੇ ਉਸ ਕੋਲ ਪੈਸੇ ਨਹੀਂ ਸਨ। ਸੁਖਵੰਤ ਨੂੰ ਪਤਾ ਲਗਿਆ ਸੀ ਤਾਂ ਉਸ ਨੇ ਆਪਣੇ ਪੇਕਿਆਂ ਵਲੋਂ ਦਿਤੀ ਸੋਨੇ ਦੀ ਛਾਪ ਲਾਹ ਕੇ ਫੜਾ ਦਿੱਤੀ ਸੀ।—ਲਓ ਇਹ ਵੇਚ ਦਿਓ। ਫੀਸ ਭਰੋ। ਪੈਸਿਆਂ ਦਾ ਕੀਹ ਐ, ਹੱਥਾਂ ਦੀ ਮੈਲ ਹੁੰਦੀ ਐ। ਛਾਪਾਂ ਤਾਂ ਵੀਹ ਬਣ ਜਾਣਗੀਆਂ।

ਐਮ. ਏ. ਦਾ ਦੂਜਾ ਪਾਰਟ ਦੇਣ ਵੇਲੇ ਵੀ ਪੈਸਿਆਂ ਦੀ ਸਮਸਿਆ ਸੀ। ਕੁਝ ਕਿਤਾਬਾਂ ਵੀ ਖਰੀਦਣੀਆਂ ਸਨ। ਪਹਿਲੇ ਪਾਰਟ ਦੀਆਂ ਕਿਤਾਬਾਂ ਤਾਂ ਇਕ ਦੋਸਤ ਕੋਲੋਂ ਮਿਲ ਗਈਆਂ ਸਨ। ਪਰ ਦੂਜੇ ਪਾਰਟ ਵਿਚ ਦੋਸਤ ਫ਼ੇਲ੍ਹ ਹੋ ਗਿਆ ਸੀ। ਹੁਣ ਦੁਬਾਰਾ ਇਮਤਿਹਾਨ ਦੇ ਰਿਹਾ ਸੀ। ਉਸ ਵਾਲੀਆਂ ਕਿਤਾਬਾਂ ਤਾਂ ਉਸਨੂੰ ਆਪ ਚਾਹੀਦੀਆਂ ਸਨ। ਕੁਝ ਕਿਤਾਬਾਂ ਤਾਂ ਉਸਨੇ ਉਸ ਕੋਲੋਂ, ਮੰਗ ਕੇ ਇੱਕ ਵਾਰੀ ਪੜ੍ਹ ਲਈਆਂ ਸਨ। ਪਰ ਕੁਝ ਕਿਤਾਬਾਂ ਅਜਿਹੀਆਂ ਸਨ ਜਿਨ੍ਹਾਂ ਨੇ ਆਪ ਖਰੀਦ ਲੈਣਾ ਜ਼ਰੂਰੀ ਸੀ। ਇਮਤਿਹਾਨ ਵਿਚ ਵੀ ਤਿੰਨ-ਚਾਰ ਮਹੀਨੇ ਹੀ ਰਹਿ ਗਏ ਸੀ। ਕੰਨਾਂ ਵਿਚ ਕਰੀਰ ਦੇ ਤੁੱਕੇ ਪਾ ਲਏ ਸਨ।

ਉਸਦਾ ਯਕੀਨ ਸੀ ਕਿ ਐਮ. ਏ. ਵਿਚੋਂ ਸੈਕੰਡ ਡਵੀਜ਼ਨ ਲੈ ਕੇ ਉਹ ਕਿਤੇ ਨਾ ਕਿਤੇ ਕਾਲਜ ਵਿਚ ਲੈਕਚਰਾਰ ਲੱਗ ਜਾਵੇਗਾ। ਪਰ ਡਵੀਜ਼ਨ ਤਾਂ ਥਰਡ ਹੀ ਆਈ। ਫਿਰ ਤਾਂ ਇਕੋ ਰਾਹ ਸੀ ਕਿ ਬੀ. ਐਡ ਕੀਤੀ ਜਾਵੇ। ਬੀ. ਐਡ. ਕਰਨ ਲਈ ਬਹੁਤ ਪੈਸੇ ਦੀ ਲੋੜ ਸੀ। ਉਸਦੀ ਤਨਖਾਹ ਤਾਂ ਉਨ੍ਹਾਂ ਦਿਨਾਂ ਵਿਚ ਸਿਰਫ਼ ਸਵਾ ਸੌ ਕੁ ਰੁਪਿਆ ਹੀ ਸੀ। ਜੁੜਿਆ ਪੈਸਾ ਤਾਂ ਉਸ ਕੋਲ ਬਿਲਕੁਲ ਹੀ ਨਹੀਂ ਸੀ। ਐਨੀ ਕੁ ਤਨਖਾਹ ਵਿਚੋਂ ਜੁੜ ਵੀ ਕੀ ਸਕਦਾ ਸੀ?

ਸੁਖਵੰਤ ਨੇ ਹੀ ਉਸਦਾ ਹੌਂਸਲਾ ਬੰਨ੍ਹਿਆ ਸੀ—ਕੁੱਝ ਪੈਸੇ ਤੁਸੀਂ ਏਥੋਂ ਕਿਸੇ ਬਾਣੀਏ ਤੋਂ ਕਰਜ਼ਾ ਲੈ ਜਾਓ। ਮੇਰੀਆਂ ਵੁੱਲੀਆਂ ਵੇਚ ਦਿਓ। ਕੀ ਕਰਨੀਆਂ ਨੇ ਹੁਣ? ਕੌਣ ਪਾਉਂਦੇ ਅੱਜ ਕੱਲ ਇਹਨਾਂ ਨੂੰ। ਫੇਰ ਵੀ ਨਾ ਸਰਿਆ ਤਾਂ ਮੈਂ ਆਪੇ ਕਰਾਂਗੀ ਕੋਈ ਪ੍ਰਬੰਧ।

ਉਨ੍ਹਾਂ ਦਿਨਾਂ ਵਿਚ ਤਾਂ ਭਾਅ ਚੰਗੇ ਸਨ। ਬੀ. ਐਡ. ਵਿਚ ਪੜ੍ਹਦਿਆਂ ਸੌ ਕੁ ਰੁਪਏ ਨਾਲ ਹੀ ਮਹੀਨਾ ਵਧੀਆ ਲੰਘ ਜਾਂਦਾ ਸੀ। ਪੰਜ ਸੌ ਰੁਪਿਆ ਦੋ ਰੁਪਏ ਸੈਂਕੜਾ ਮਹੀਨੇ ਦੇ ਵਿਆਜ 'ਤੇ ਉਹ ਗੁੱਜਰ ਬਾਣੀਏ ਤੋਂ ਲੈ ਗਿਆ ਸੀ। ਦੋ ਸੌ ਰੁਪਿਆ ਵੁੱਲੀਆਂ ਦਾ ਵੱਟ ਲਿਆ ਸੀ।

ਹਰ ਮਹੀਨੇ ਹੀ ਸੁਖਵੰਤ ਆਪਣੇ ਪੇਕਿਆਂ ਤੋਂ ਲਿਆਂਦੀ ਕਦੇ ਕੋਈ ਦਰੀ ਵੇਚ ਦਿੰਦੀ ਸੀ, ਕਦੇ ਕੋਈ ਖੇਸ। ਪੰਜ ਦਰੀਆਂ ਤੇ ਤਿੰਨ ਖੇਸ ਇਸ ਤਰ੍ਹਾਂ ਉਸ ਨੇ ਚੂਹੜੀਆਂ-ਚਮਿਆਰੀਆਂ ਨੂੰ ਵੇਚ ਦਿੱਤੇ ਸਨ।

ਇੱਕ ਗੱਲ ਹੋਰ ਕੀਤੀ ਸੀ। ਘਰ ਵਿਚ ਹੀ ਸੁਖਵੰਤ ਨੇ ਦਰੀਆਂ ਬੁਣਨ ਦਾ ਅੱਡਾ ਲਾ ਲਿਆ ਸੀ। ਰਫਿਊਜੀਆਂ ਦੀ ਕੁੜੀ ਨੂੰ ਨਾਲ ਲਾ ਕੇ ਉਹ ਲੋਕਾਂ ਦੀਆਂ ਦਰੀਆਂ ਬੁਣਦੀ। ਚਹੁੰ ਦਿਨਾਂ ਵਿਚ ਇੱਕ ਦਰੀ ਉਹ ਲਾਹ ਲੈਂਦੀਆਂ। ਬੁਣਵਾਈ ਦੇ ਪੈਸੇ ਅੱਧੋ-ਅੱਧ। ਰਫਿਊਜੀਆਂ ਦੀ ਕੁੜੀ ਨੇ ਮੁਕਲਾਵੇ ਜਾਣਾ ਸੀ। ਮਾਪੇ ਗਰੀਬ ਸਨ। ਤੇ ਉਸ ਨੇ ਸੁਖਵੰਤ ਦੀ ਮਦਦ ਨਾਲ ਆਪ ਵੀ ਚਾਰ ਦਰੀਆਂ ਬਣਾ ਲਈਆਂ ਸਨ। ਦਰੀਆਂ ਦੀ ਬੁਣਵਾਈ ਦੇ ਪੈਸੇ ਜਿੰਨੇ ਬਣਦੇ, ਮਹੀਨੇ ਬਾਅਦ ਆਏ ਦਲੀਪ ਨੂੰ ਫੜਾ ਦਿੰਦੀ।

ਪੰਜਾਬੀ ਦੀ ਐਮ. ਏ. ਤਾਂ ਫਿਰ ਉਸ ਨੇ ਬਹੁਤ ਦੇਰ ਬਾਅਦ ਕੀਤੀ ਸੀ। ਉਸ ਵੇਲੇ ਤਾਂ ਉਹ ਬੀ. ਐਡ. ਦੀ ਪੋਸਟ ਉਤੇ ਐਡਜਸਟ ਹੋ ਗਿਆ ਸੀ। ਹੱਥ ਵੀ ਖੁਲ੍ਹਾ ਸੀ।

ਹੁਣ ਜਿੰਨਾ ਕੱਪੜ ਉਸ ਦੀਆਂ ਦੋ ਪੇਟੀਆਂ ਵਿਚ ਭਰਿਆ ਪਿਆ ਹੈ, ਇਹ ਤਾਂ ਉਸ ਨੇ ਬਾਅਦ ਵਿਚ ਬਣਾਇਆ ਸੀ। ਬਣਾਉਂਦੀ ਹੀ ਰਹਿੰਦੀ ਸੀ। ਕਦੇ ਦਰੀ ਬਣਾ ਲਈ। ਕਦੇ ਦੋ ਖੇਸ। ਕਦੇ ਰਜ਼ਾਈ, ਕਦੇ ਗੁਦੇਲਾ। ਚੁਤਹੀਆਂ। ਦਲੀਪ ਪੁਛਦਾ—ਕਿਉਂ ਮੱਗਾ ਮਾਰਦੀ ਐਂ? ਜਾਂ ਤਾਂ ਕੁੜੀ ਜੰਮ ਕੋਈ।

—ਨਾ ਬਾਬਾ, ਕੁੜੀ ਨਾਲੋਂ ਤਾਂ ਐਵੇਂ ਹੀ ਚੰਗੇ ਆਂ। ਲੀੜਾ—ਕਪੜਾ ਨੂੰਹ ਦੇ ਕੰਮ ਆਏਗਾ, ਮੇਰੀ ਦੇ। ਦਲੀਪ ਹਸਦਾ—ਲੈ, ਹੁਣੇ ਨੂੰਹਾਂ ਭਾਲਦੀ ਐ।

ਘਰ ਪਤਨੀ ਨਾਲ ਹੀ ਹੁੰਦਾ ਹੈ। ਪਤਨੀ ਨਾ ਹੋਵੇ ਤਾਂ ਘਰ ਉਜਾੜ ਲਗਦਾ ਹੈ। ਦਲੀਪ ਨੂੰ ਮਹਿਸੂਸ ਹੁੰਦਾ ਜਿਵੇਂ ਉਸ ਨੂੰ ਘਰੋਂ ਕੱਢ ਦਿਤਾ ਗਿਆ ਹੋਵੇ। ਉਸ ਅਗੇ ਪਰੋਸੀ ਪਈ ਥਾਲੀ ਚੁੱਕੀ ਗਈ ਸੀ। ਕਿਸੇ ਚੀਜ਼ ਦੀ ਲੋੜ ਹੁੰਦੀ ਤੇ ਉਹ ਉਸ ਨੂੰ ਘਰ ਵਿਚ ਲੱਭਣ ਦੀ ਕੋਸ਼ਿਸ਼ ਕਰਦਾ। ਉਸ ਨੂੰ ਤਾਂ ਚੀਜ਼ ਲੱਭਦੀ ਹੀ ਨਾ। ਮਾਂ ਨੂੰ ਕਮਲਿਆਂ ਵਾਂਗ ਹਾਕਾਂ ਮਾਰੀ ਜਾਂਦਾ। ਛਿੰਦੇ ਨੂੰ ਪੁੱਛਦਾ। ਮਾਂ ਕਹਿੰਦੀ—ਭਾਈ, ਐਥੇ ਕਿਤੇ ਹੀ ਦੇਖ ਲੈ। ਮੈਨੂੰ ਤਾਂ ਆਪ ਪਤਾ ਨਹੀਂ। ਸੁਖਵੰਤ ਹੀ ਰਖਦੀ ਚੁਕਦੀ ਹੁੰਦੀ ਸੀ। ਹਰ ਗੱਲ ਤੇ ਸੁਖਵੰਤ ਅੱਗੇ ਆ ਜਾਂਦੀ। ਹੁਣ ਨਾ ਤਾਂ ਉਸ ਤੋਂ ਰੋਇਆ ਜਾਂਦਾ ਸੀ ਤੇ ਨਾ ਹੀ ਉਸਦਾ ਮਨ ਕਿਤੇ ਠਹਿਰਦਾ ਸੀ। ਭੋਗ ਤੋਂ ਬਾਅਦ ਇਕ ਮਹੀਨੇ ਦੀ ਛੁੱਟੀ ਜੋ ਲਈ ਸੀ, ਉਸ ਦੇ ਵੀ ਦਸ ਦਿਨ ਬਾਕੀ ਰਹਿ ਗਏ ਸਨ। ਹੁਣ ਤਾਂ ਸਗੋਂ ਉਹ ਚਾਹ ਰਿਹਾ ਸੀ ਕਿ ਉਸਦੀ ਛੁੱਟੀ ਛੇਤੀ ਖਤਮ ਹੋਵੇ ਤੇ ਉਹ ਸਕੂਲ ਜਾਣਾ ਸ਼ੁਰੂ ਕਰੇ। ਪੰਜ ਛੇ ਘੰਟੇ ਤਾਂ ਰੁਝੇਵਾਂ ਬਣਿਆ ਰਿਹਾ ਕਰੇਗਾ। ਪੰਜ ਛੇ ਘੰਟੇ ਤਾਂ ਉਹ ਘਰ ਨੂੰ ਭੁੱਲ ਸਕਿਆ ਕਰੇਗਾ।



Namdhari Elibrary NamdhariElibrary@gmail.com

ਕਹਾਣੀ

# ਬਿਸਤਰਾ

**ਲਕੀ ਸੁਤਿੰਦਰ ਵਿੱਜ**

ਜਿਉਂ ਹੀ ਗਤੀਸ਼ੀਲ ਰੇਲ ਸਟੇਸ਼ਨ ਤੇ ਸਥਿਰ ਭਾਵ ਨਾਲ ਰੁਕੀ, ਮਸ਼ੀਨੀ ਪੁਰਜ਼ਿਆਂ ਵਾਂਗ ਯਾਤਰੀ ਸਥਿਰਤਾ ਤੋਂ ਗਤੀਸ਼ੀਲ ਹੋ ਕੇ ਬੇਤਰਤੀਬੀ ਨਾਲ ਗੁਥਮਗੁਥਾ ਹੋਣ ਲਗ ਪਏ। ਪਾਏਦਾਨ ਤੇ ਭੀੜ ਸੀ। ਪਲੇਟ ਫਾਰਮ ਤੇ ਕੁੱਲੀ ਕੁੱਲੀ ਦਾ ਸ਼ੋਰ ਸੀ। ਚਾਏ ਗਰਮ, ਕੁਲਚੇ ਛੋਲੇ ਤੇ ਰੇਲਵੇ ਦਾ ਲਾਊਡ ਸਪੀਕਰ ਸਮਾਂ ਸਾਰਣੀ ਪ੍ਰਸਾਰਿਤ ਕਰਦਾ ਹੋਇਆ ਏਸ ਮੱਛੀ ਬਜ਼ਾਰ ਦਾ ਸਹੀ ਦ੍ਰਿਸ਼ ਪੇਸ਼ ਕਰਨ ਵਿਚ ਸਫਲ ਸੀ। ਸਹਿਜੇ ਸਹਿਜੇ ਪਲੇਟ-ਫਾਰਮ ਤੇ ਅੰਨ੍ਹੀ ਰੋਸ਼ਨੀ ਵਿਚ ਮੁਸਾਫਰ ਜੁਲਾਈ ਦੇ ਪੰਤਗਿਆਂ ਵਾਂਗ ਰੀਂਗਦੇ ਤੇ ਉਡਣ ਵਾਂਗ ਦੌੜਦੇ ਸਨ। ਰੇਲ ਗੱਡੀ ਕੰਨ ਖਜੂਰੇ ਵਾਂਗ ਖੜੀ ਸੀ। ਚੀਨ ਦੇਸ਼ ਦੀ ਬਾਹਰੀ ਦੀਵਾਰ ਵਾਂਗ ਸਥਿਰ ਤੇ ਸਥੂਲ।

ਉਹ ਸਾਗਵਾਨੀ ਫੱਟੇ ਤੋਂ ਆਕੜ ਭੰਨਦਾ ਗੱਡੀ 'ਚੋਂ ਬਾਹਰ ਆਉਣ ਲਈ ਹਿਲਿਆ, ਫਿਰ ਖੜਾ ਰੁਕ ਗਿਆ। ਪੈਰਾਂ ਹੇਠ ਇਕ ਬਿਸਤਰਾ ਸੀ। ਸ਼ਾਇਦ ਉਹਦੀ ਠੋਕਰ ਲੱਗੀ ਸੀ ਉਹਨੂੰ। ਉਹਦੇ ਸਾਹਮਣੇ ਵਾਲੇ ਸਾਰੇ ਯਾਤਰੂ ਉਸ ਤੋਂ ਪਹਿਲਾਂ ਜਾ ਚੁਕੇ ਸਨ ਸ਼ਾਇਦ ਉਹਨਾਂ ਵਿਚੋਂ ਕਿਸੇ ਦਾ ਇਹ ਬਿਸਤਰਾ ਸੀ। ਹੁਣ ਉਹ ਦੁਚਿੱਤੀ ਵਿਚ ਸੀ। ਚੁੱਕਾਂ ਕਿ ਨਾ ਚੁੱਕਾਂ। ਇਹ ਬਿਸਤਰਾ ਵੀ ਤੇ ਖਸਤਾ ਤੇ ਮੈਲਾ ਸੀ। ਉਹਦੇ ਮੁਤਾਬਿਕ ਨਹੀਂ ਸੀ। ਘਸੀਆਂ ਧਾਰੀਆਂ ਵਾਲੀ ਦਰੀ ਤੇ ਉਤੇ ਨਾਰੀਅਲ ਦੀ ਰੱਸੀ ਦਾ ਚਾਰਖਾਨਾ ਸ਼ਿਕੰਜਾ। ਪਰ ਉਹਦੇ ਤਨ ਤੇ ਤਾਂ ਗਵਾਲੀਰ ਦਾ ਵਧੀਆ ਸੂਟ ਸੀ ਤੇ ਪੈਰੀਂ ਬਾਟਾ ਦੇ ਬੂਟ ਸਨ। ਬਿਲਕੁਲ ਬੇਜੋੜ ਸ਼ਖਸੀਅਤ। ਜੇ ਹੁਣ ਉਹ ਬਿਸਤਰਾ ਚੁਕ ਵੀ ਲਵੇ ਤਾਂ ਪੂਰਾ ਦ੍ਰਿਸ਼ ਫਿਟ ਜਾਵੇ। ਉਹਨੇ ਫਿਰ ਦਿਲ ਨਾਲ ਦਲੀਲ ਕੀਤੀ। ਹਾਂ, ਉਹਦੇ ਕੋਲ ਇਕ ਵਧੀਆ ਬਿਸਤਰਬੰਦ ਸੀ। ਏਸੇ ਸ਼ਹਿਰ ਵਿਚ ਉਹਦਾ ਆਪਣਾ ਇਕ ਛੋਟਾ ਪਰਿਵਾਰ ਏ। ਚਲੋ, ਕਿਸੇ ਨੂੰ ਦੇ ਦਵੇਗਾ। ਪਰ ਕੌਣ ਉਸ ਕੋਲੋਂ ਲਵੇਗਾ ਇਹ ਬਿਸਤਰਾ ਚੋਰੀ ਦੇ ਸ਼ੱਕ ਵਿਚ। ਖੈਰ, ਜੋ ਹੋਵੇਗੀ, ਸਿੱਝ ਲਵੇਗਾ। ਬਿਸਤਰਾ, ਆਖਿਰ ਕੁਝ ਹੈਸੀਅਤ ਰਖਦਾ ਏ। ਜੇ ਬਿਸਤਰਾ ਏ, ਤੇ ਫਿਰ ਕੁਝ ਅਸਬਾਬ ਵੀ ਹੋਵੇਗਾ।

ਉਹ ਬਿਸਤਰਾ ਚੁਕ ਕੇ ਡੱਬੇ 'ਚੋਂ ਨਿਕਲ ਆਇਆ। ਸਟੇਸ਼ਨ ਦਾ ਮੇਨ ਗੇਟ ਅਜੇ ਦੂਰ ਸੀ। ਅਗੇ ਵਾਲੀ ਹੁਣ ਉਹਦੀ ਟੋਰ ਨਹੀਂ ਸੀ। ਕੁਝ ਸੰਗਾਊ ਤੇ ਭਾਰੀ ਜ਼ਰੂਰ ਸੀ। ਭਾਵੇਂ ਬਿਸਤਰੇ ਦਾ ਭਾਰ ਕੁਲ ਜਮਾਂ ਚਾਰ ਕਿਲੋ ਤੋਂ ਵਧ ਬਿਲਕੁਲ ਨਹੀਂ ਸੀ। ਵੱਖੀ ਵਾਲੇ ਬਰਾਂਡੇ 'ਚੋਂ ਇਕ ਮਿੱਟੀ ਰੰਗੀ ਵਰਦੀ ਵਾਲਾ ਹਵਲਦਾਰ ਨਿਕਲ ਆਇਆ। ਚੋਰ ਦੀ ਦਾੜ੍ਹੀ ਵਿਚ ਤੀਲੇ ਵਾਲੀ ਗੱਲ ਹੋਈ। ਉਹਨੇ ਅੱਧਖੜ ਹੌਲਦਾਰ ਨੂੰ ਰੁਕਵੀਂ ਅਵਾਜ਼ ਵਿਚ ਕਿਹਾ,

'ਜਨਾਬ ਏ ਬਿਸਤਰਾ ਏ!'

ਕੀ ਮੁਸੀਬਤ ਏ ਇਹਨੂੰ?

ਜੀ ਕਿਸੇ ਦਾ ਰਹਿ ਗਿਆ ਸੀ ਗਡੀ ਵਿਚ, ਮੈਂ ਲਿਆਇਆ ਹਾਂ!

ਜੇ ਤੇਰਾ ਨਹੀਂ ਸੀ ਤੂੰ ਚੁਕਿਆ ਕਿਉਂ?

ਮੈਂ ਸੋਚਿਆ ਸੀ ਜਮਾਂ ਕਰਾ ਦਿਆਂਗਾ।

ਲਾਸਟ ਪ੍ਰਾਪਰਟੀ ਦਾ ਦਫਤਰ ਤੇ ਪਿੱਛੇ ਸੀ!

ਜਨਾਬ ਮੈਂ ਜਾਣਦਾ ਨਹੀਂ ਸਾਂ।

ਹੁਣ ਫੇਰ?

ਜੀ ਕੁਝ ਨਹੀਂ।

ਚਲ ਫਿਰ ਥਾਣੇ

ਬਿਸਤਰਾ ਜਮਾਂ ਕਰਾ ਤੇ ਪਤਾ ਦਰਜ ਕਰਾ, ਨਹੀਂ ਤੇ............

ਨਹੀਂ ਤੇ ਕੀ?

ਨਹੀਂ ਤੇ ਸ਼ੱਕ ਵਿਚ ਹਵਾਲਾਤ ਜਾਓਗੇ।

ਚਲੋ ਦਰੋਗਾ ਸਾਹਿਬ।

... ... ...

ਜਿਹੜਾ ਬੋਲੇ ਉਹੋ ਕੁੰਡਾ ਖੋਲੇ ਵਾਲਾ ਹਿਸਾਬ। ਨਾ ਬਿਸਤਰਾ ਚੁਕਦਾ ਤੇ ਨਾ ਦਰਿਯਾਫਤ ਦੀ ਮੁਲਾਮਤ ਗੱਲ ਪੈਂਦੀ।

'ਆ ਬੈਲ ਮੈਨੂੰ ਮਾਰ। ਉਹ ਸੋਚ ਕੇ ਝੁਰਦਾ ਜਾਂਦਾ ਸੀ।



Namdhari Elibrary NamdhariElibrary@gmail.com

ਲਾਸਟ ਪ੍ਰਾਪਰਟੀ ਦੇ ਮੁੰਸ਼ੀ ਨੇ ਉਹਨੂੰ ਓਖਵੀਂ ਨਜ਼ਰੇ ਸਵਾਲਾਤ ਕੀਤੇ।

ਕੀ ਨਾਂ ਏ?

ਸਤੀਸ਼ ਚੰਦਰ ਪਾਠਕ।

ਵਲਦੀਅਤ?

ਠਾਕੁਰ ਦਾਸ ਪਾਠਕ।

ਕਮ ਕਾਜ ਕਾਹਦਾ ਏ?

ਜੀ ਛਾਪੇ ਖਾਨੇ ਵਿਚ ਫੋਰਮੈਨ।

ਪੂਰਾ ਪਤਾ ਲਿਖਾਓ?

ਵਨ ਟੂ ਆਲ ਪ੍ਰਿੰਟਰਜ਼ ਜੀ. ਟੀ. ਰੋਡ ਪਠਾਨਕੋਟ

ਬਿਸਤਰੇ ਵਿਚ ਕੀ ਸੀ?

ਮੈਂ ਫੋਲਿਆ ਨਹੀਂ।

ਪਿਛੋਂ ਕਿਥੋਂ ਆਏ ਸਉ?

ਅੰਮ੍ਰਿਤਸਰ ਤੋਂ।

ਕੀ ਮੈਨੂੰ ਹੁਣ ਜਾਣ ਦੀ ਇਜਾਜ਼ਤ ਏ? ਸਤੀਸ਼ ਨੇ ਖਲਾਸੀ ਚਾਹੀ।

ਹਾਂ, ਪਰ ਤੁਹਾਨੂੰ ਕਦੇ ਵੀ ਬੁਲਾਇਆ ਜਾ ਸਕਦਾ ਏ।

ਸੋ ਕਿਉਂ?

ਸ਼ਨਾਖਤ ਲਈ।

ਮੁੰਸ਼ੀ ਜੀ ਮੈਂ ਚੋਰ ਤੇ ਨਹੀਂ ਕਿ ਤਕਾਜ਼ੇ ਪੂਰੇ ਕਰਾਂ!

ਠੀਕ ਏ ਪਰ ਤੂੰ ਮਸ਼ਕੂਕ ਤੇ ਹੈਂ ਏ ਨਾ

ਮੈਂ ਮਸ਼ਕੂਕ ਕਿਸ ਖ਼ਾਤਿਰ? ਬਿਸਤਰਾ ਜਮ੍ਹਾਂ ਕਰਾਕੇ ਦਰਿਯਾਫਤ ਨੂੰ?

ਸਾਨੂੰ ਬਿਸਤਰੇ ਦੇ ਮਾਲਿਕ ਦਾ ਪਤਾ ਨਹੀਂ ਸਿਵਾ ਤੇਰੇ ਤੋਂ।

ਬਿਸਤਰਾ ਮੇਰਾ ਨਹੀਂ, ਤੇ ਮਾਲਿਕ ਵੀ ਮੈਂ ਨਹੀਂ।

ਪਰ ਚੋਰ ਤੇ ਜ਼ਰੂਰ ਹੋ ਸਕਨਾ ਏਂ?

ਮੈਂ ਹੱਤਕ ਦਾ ਦਾਅਵਾ ਕਰ ਦਿਆਂਗਾ ਮੁੰਸ਼ੀ ਜੀ।

ਇਸ ਤੋਂ ਪਹਿਲਾਂ ਅਸੀਂ ਤੈਨੂੰ ਪੁਲਿਸ ਨੂੰ ਤੰਗ ਕਰਨ ਦੇ ਦੋਸ਼ ਵਿਚ ਫੜ ਕੇ ਅੰਦਰ ਕਰ ਲਵਾਂਗੇ।

ਮੇਰਾ ਵਕੀਲ ਈ ਗੱਲ ਕਰੇਗਾ ਹੁਣ।

ਮਿਸਟਰ ਸਤੀਸ਼। ਹੋ ਸਕਦਾ ਏ, ਬਿਸਤਰੇ ਨਾਲ ਕੋਈ ਕਤਲ ਕੇਸ ਜਾਂ ਚੋਰੀ ਦਾ ਕੇਸ ਆ ਜੁੜੇ, ਫੇਰ ਤੇ ਤੇਰੀ ਜ਼ਰੂਰਤ ਪਵੇਗੀ।

ਜੇ ਮੈਂ ਏਨਾ ਸਮਾਂ ਨਾ ਕਢ ਸਕਾਂ?

ਫਿਰ ਚਾਰ ਸੌ ਵੀਹ ਦੇ ਕੇਸ ਵਿਚ ਫਸ ਜਾਉਗੇ।

ਸੋ ਕਿਉਂ? ਮੈਂ ਕੀ ਫਰੇਬ ਕੀਤਾ ਏ?

ਵੇਖੋ ਜੀ। ਬਿਸਤਰਾ ਤੁਹਾਡੇ ਨਾਲ ਮੇਲ ਨਹੀਂ ਖਾਂਦਾ ਤੇ ਸਿੱਧੇ ਤੁਸੀਂ ਏਥੇ ਜਮ੍ਹਾਂ ਕਰਾਉਣ ਆਏ ਨਹੀਂ, ਹੋਏ ਨਾ ਆਪਣੇ ਆਪ ਸ਼ੱਕੀ। ਸਗੋਂ ਮੁਲਜ਼ਿਮ। ਸਾਡੇ ਵਲੋਂ ਨਾ ਆਉ। ਕਾਨੂੰਨ, ਕਾਨੂੰਨ ਏ। ਖਾਨਾ ਪੂਰਤੀ ਜ਼ਰੂਰੀ ਏ।

ਔ ਆਪਣੇ ਦਸਤਖਤ ਕਰੋ।

ਲਓ ਜੀ ਠੀਕ ਏ?

ਜਾਓ ਬਾਕੀ ਦੇ ਖਾਨੇ ਅਸੀਂ ਆਪ ਪੂਰੇ ਕਰ ਲਵਾਂਗੇ।

ਅਜੇ ਹਨੂਮਾਨ ਦੀ ਪੂਛ ਬਾਕੀ ਏ?

ਹਾਂ ਅਜੇ ਬਿਸਤਰੇ ਵਿਚਲੇ ਨਗ ਲਿਖਣੇ ਨੇ।

ਫਿਰ ਤੁਸੀਂ ਦਸਤਖਤ ਕਿਉਂ ਕਰਾਏ?

ਤੁਸੀਂ ਜਾਣਾ ਚਾਹੁੰਦੇ ਸੀ ਸੋ ਜਾਓ।

ਨਹੀਂ, ਮੈਂ ਏਦਾਂ ਨਹੀਂ ਜਾ ਸਕਦਾ, ਪੂਰੇ ਨਗ ਲਿਖੋ ਮੇਰੇ ਸਾਹਮਣੇ।

ਫਿਰ ਤੁਸੀਂ ਆਪ ਖੇਚਲ ਕਰੋ ਖੋਲਣ ਦੀ।

ਮੈਂ ਕਿਉਂ? ਤੁਹਾਡਾ ਕੰਮ ਏ ਮੇਰਾ ਨਹੀਂ।

ਪੂਰਾ ਕੇਸ ਕਿਸ ਤਰ੍ਹਾਂ ਕਰੋਗੇ ਹਤੱਕ ਦਾ ਮੇਰੇ ਤੇ?

ਸਤੀਸ਼ ਨੇ ਨਾਰੀਅਲ ਦੀ ਤਲਿਸਮੀ ਰੱਸੀ ਖੋਲੀ। ਜਮਾਂ ਕੁਲ ਨਗ ਅਧੋਰਾਣਾ ਖੇਸ ਤੇ ਮੈਲੀ ਲੱਠੇ ਦੀ ਚਿੱਟੀ ਚਾਦਰ ਸੀ। ਜਾ ਬਿੰਦਾ ਹੋਇਆ ਤਕੀਏ ਦਾ ਮਲੇਸ਼ੀਏ ਰੰਗ ਦਾ ਗੱਲੇਦਾਰ ਰੂੰ ਸੀ। ਬਿਸਤਰਾ ਸ਼ਾਇਦ ਕਿਸੇ ਰੋਗੀ ਮੰਗਤੇ ਦਾ ਸੀ।

ਕਿਉਂ ਜੀ ਹੁਣ ਤੇ ਖਾਨਾ ਪੂਰਤੀ ਹੋਏਗੀ ਕਿ ਨਾ ਕੇਸ ਦੀ? ਸਤੀਸ਼ ਚੰਦਰ ਪਾਠਕ ਜੀ, ਹੁਣ ਤੇ ਸਾਡਾ ਕੇਸ ਵੀ ਅਧੂਰਾ ਏ। ਤੁਹਾਡਾ ਹੱਤਕ ਦਾ ਦਾਅਵਾ ਤੇ ਛਾਇਆ ਜਾਏਗਾ। ਉਸ ਹੱਸ ਪਏ ਤੇ ਫਿਰ ਆਕੜਾਂ ਭੰਨਦੇ ਬਾਹਰ ਵਲ ਆ ਗਏ।

ਸਾਰੇ ਅੱਧੇ ਤੇ ਅਧੂਰੇ ਸਨ।

ਖਾਲੀ ਖਾਲੀ। ਕਿਸੇ ਦਾ ਕੁਝ ਨਾ ਬਣਿਆ ਸਗੋਂ ਨਮੋਸ਼ੀ ਤੇ ਬਕਬਕ ਵਾਧੇ ਦੀ ਹੋਈ।



Namdhari Elibrary NamdhariElibrary@gmail.com

# ਰੌਲੇ ਤੋਂ ਰਖਿਆ

—ਜਗਦੀਸ਼ ਸਿੰਘ

ਅਜ ਰੌਲੇ ਦਾ ਰੌਲਾ ਚਾਰੇ ਪਾਸੇ ਪਿਆ ਹੈ। ਰੌਲੇ ਦੀ ਆਪਣੀ 'ਮਹੱਤਤਾ' ਹੈ। ਰਾਮ ਰੌਲਾ, ਚਿੜੀਆਂ ਰੌਲਾ, ਕਾਵਾਂ ਰੌਲਾ, ਅਤੇ ਰੌਲੇ ਰਪੇ ਤੋਂ ਸਭ ਜਾਣੂ ਹਨ। ਸੰਗੀਤ ਵਾਲੇ ਕਹਿੰਦੇ ਹਨ ਕਿ ਕਿਸੇ ਦੋ ਵਸਤੂਆਂ, ਤਰਲ, ਠੋਸ ਜਾਂ ਹਵਾ ਰੂਪੀ ਦੇ ਰਗੜ, ਟਕਰਾ ਨਾਲ ਆਵਾਜ਼ ਜਾਂ ਧੁਨੀ ਪੈਦਾ ਹੁੰਦੀ ਹੈ। ਸੰਗੀਤ ਵਿਚ ਉਪਯੋਗੀ ਧੁਨੀ ਨਾਦ ਕਹਾਉਂਦੀ ਹੈ ਤੇ ਬਾਕੀ ਰੌਲਾ। ਜੇ ਮਿਠਾ ਸੰਗੀਤਬਧ ਕੀਰਤਨ ਹੋ ਰਿਹਾ ਹੋਵੇ ਤਾਂ ਉਹ ਕੀਰਤਨ ਸ਼ਾਂਤੀ ਦਾ ਸਾਧਨ, ਅਤੇ ਜੇ ਬੇਸੁਰੇ ਤੇ ਬੇਤਾਲੇ ਭਗਤਾਂ ਨੇ ਘਨਘੋਰ ਪਾਈ ਹੋਵੇ ਤਾਂ ਉਹ ਰਾਮ ਰੌਲਾ ਹੋ ਗਿਆ। ਕਾਵਾਂ ਤੇ ਚਿੜੀਆਂ ਦਾ ਰੌਲਾ ਕਿਸ ਨੂੰ ਭੁਲਿਆ ਹੈ।

ਦਰਅਸਲ ਰੌਲੇ ਦਾ ਸੰਕਲਪ ਭਿਆਨਕਤਾ ਤੋਂ ਹੀ ਹੈ। ਕਿਸੇ ਘਰ ਵਿਚ ਰੌਲਾ ਪੈ ਜਾਵੇ ਤਾਂ ਉਥੇ ਜ਼ਰੂਰ ਡਾਂਗ ਸੋਟਾ ਚਲ ਗਿਆ ਹੈ। ਕਿਸੇ ਮੁਹਲੇ ਵਿਚ ਰੌਲਾ ਪੈ ਜਾਵੇ ਤਾਂ ਜ਼ਰੂਰ ਉਥੇ ਚੋਰੀ ਹੋਈ ਹੈ। ਜੇ ਕਿਸੇ ਮੁਲਕ ਵਿਚ ਰੌਲਾ ਪੈ ਜਾਵੇ ਤਾਂ ਉਥੇ ਜੰਗ ਸ਼ੁਰੂ ਹੈ, "ਰੌਲਾ ਪਵੇ ਦੇਸ ਸਭ ਰੁਲੇ", ਅਤੇ ਇਹਨਾਂ ਸਾਰਿਆਂ ਨਾਲੋਂ ਖਤਰਨਾਕ ਰੌਲਾ ਹਿਸਾਬ ਕਿਤਾਬ ਦਾ ਹੁੰਦਾ ਹੈ। ਗਲ ਕੀ ਰੌਲਾ ਕਿਸੇ ਚੰਗੇ ਸੰਦਰਭ ਵਿਚ ਨਹੀਂ ਵਰਤਿਆ ਜਾਂਦਾ।

ਅੱਜ ਸਾਇੰਸ ਅਤੇ ਟੈਕਨਾਲੋਜੀ ਦਾ ਜੁਗ ਹੈ ਅਤੇ ਮਨੁਖ ਨੇ ਬਹੁਤ ਤਰੱਕੀ ਕੀਤੀ ਹੈ। ਪਰ ਏਸ ਤਰੱਕੀ ਦੇ ਨਾਲ ਨਾਲ ਰੌਲਾ ਵੀ ਬਰਦਾਸ਼ਤ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਰੌਲੇ ਨੇ ਜਿੰਨਾ ਤੰਗ ਇਸ ਸਦੀ ਵਿਚ ਕੀਤਾ ਹੈ ਅਗੇ ਨਹੀਂ ਕੀਤਾ। ਅਜ ਘਰ ਘਰ ਰੇਡੀਓ, ਟੀ. ਵੀ., ਮੋਟਰਾਂ ਕਾਰਾਂ ਹਨ ਇਸ ਤੋਂ ਇਲਾਵਾ ਲਖਾਂ ਬਸਾਂ ਟਰਕਾਂ, ਰੇਲਾਂ ਹਵਾਈ ਜਹਾਜ਼ ਜੰਬੂ ਜੈਟ ਅਤੇ ਲਖੂਖਾਂ ਫੈਕਟਰੀਆਂ ਤੇ ਕਾਰਖਾਨੇ ਚਲ ਰਹੇ ਹਨ। ਇਹ ਸਭ ਮਿਲ ਕੇ ਅਣਮਿਥੇ ਅਣ-ਕਿਆਸੇ ਰੌਲੇ ਦਾ ਉਤਪਾਦਨ ਕਰ ਰਹੇ ਹਨ। ਅਨੇਕਾਂ ਜੰਗਾਂ ਵਿਚ ਪੈਦਾ ਹੋਣ ਵਾਲਾ ਰੌਲਾ ਇਸ ਤੋਂ ਵਖਰਾ ਹੈ। ਇਹਨਾਂ ਸਾਰਿਆਂ ਤੋਂ ਉਤੇ ਅਜ ਦੇ ਯੁਗ ਦਾ 'ਸ਼ਿੰਗਾਰ' ਲਾਊਡ ਸਪੀਕਰ ਹੈ ਜਿਸ ਨੇ ਰੌਲੇ ਨੂੰ ਕਈ ਗੁਣਾ ਵਧਾਉਣ ਵਿਚ ਬਹੁਤ ਹਿਸਾ ਪਾਇਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸ ਨੂੰ ਰੌਲਾ ਯੰਤਰ ਕਹਿ ਦਿਤਾ ਜਾਵੇ ਤਾਂ ਅਤਿ ਕਥਨੀ ਨਹੀਂ ਹੋਵੇਗੀ – ਕੋਈ ਵਿਆਹ ਸ਼ਾਦੀ, ਸਮਾਗਮ ਕੋਈ ਕੀਰਤਨ ਇਸ ਤੋਂ ਬਗੈਰ ਸੰਪਨ ਨਹੀਂ ਹੋ ਸਕਦਾ।

ਜਿਸ ਬੇਦਰੇਗੀ ਨਾਲ ਲਾਊਡ ਸਪੀਕਰ ਦਾ ਪ੍ਰਯੋਗ ਹੁੰਦਾ ਹੈ ਉਸ ਨਾਲ ਲਖਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਸਤਿਆਨਾਸ ਹੁੰਦਾ ਹੈ। ਰੋਗੀਆਂ ਨੂੰ ਤਕਲੀਫ ਪਹੁੰਚਦੀ ਹੈ। ਹਡ ਭਨਵੀਂ ਮਿਹਨਤ ਕਰਕੇ ਰਾਤ ਆਰਾਮ ਕਰ ਰਹੇ ਮਜ਼ਦੂਰ ਕਾਰੀਗਰ ਅਤੇ ਆਮ ਪਬਲਿਕ ਦੀ ਨੀਂਦਰ ਹਰਾਮ ਹੁੰਦੀ ਹੈ— ਜਦੋਂ ਇਕ ਮਹੱਲੇ ਵਿਚ ਹੀ ਵੱਖ ਵੱਖ ਗੁਰਦੁਆਰਿਆਂ ਤੇ ਮੰਦਰਾਂ ਵਿਚ ਇਕੋ ਵੇਲੇ ਲਾਊਡ ਸਪੀਕਰਾਂ ਦੀ ਜੰਗ ਸ਼ੁਰੂ ਹੁੰਦੀ ਹੈ ਤਾਂ ਰੌਲੇ ਦਾ ਘਮਸਾਣ ਮਚ ਜਾਂਦਾ ਹੈ। ਸਾਡੇ ਲਾਗੇ ਇਕ ਦੁਕਾਨਦਾਰ ਨੇ 'ਲੋਕ ਗੀਤਾਂ' ਤੋਂ ਇਲਾਵਾ ਜਪੁਜੀ ਸਾਹਿਬ ਅਤੇ ਰਹਿਰਾਸ ਸਾਹਿਬ ਦੇ ਰਿਕਾਰਡ ਲਿਆ ਕੇ



Namdhari Elibrary NamdhariElibrary@gmail.com

ਸਵੇਰੇ ਸ਼ਾਮ ਵਜਾਉਣੇ ਸ਼ੁਰੂ ਕਰ ਦਿਤੇ ਤਾਂ ਉਸ ਦੀ ਰੀਸੇ ਉਸ ਦੇ ਸਾਹਮਣੇ ਵਾਲੇ ਦੁਕਾਨਦਾਰ ਨੇ ਵੀ ਅਜਿਹਾ ਹੀ ਕੀਤਾ। ਇਕ ਵਾਰ ਪਾਠ ਸਮਾਪਤ ਹੋਣ ਤੇ ਦੁਬਾਰਾ ਉਹ ਹੀ ਰਿਕਾਰਡ ਲਾ ਦਿਆ ਕਰਨ। ਅਜਿਹਾ ਰੌਲਾ ਪਾਇਆ ਕਿ ਨਕ 'ਚ ਦਮ ਕਰ ਦਿਤਾ। ਅਖੀਰ ਤੇ ਮਹਲੇ ਵਾਲਿਆਂ ਨੂੰ ਜੁਰਅਤ ਨਾਲ ਇਹ ਸਭ ਕੁਝ ਬੰਦ ਕਰਵਾਉਣਾ ਪਿਆ ਤੇ ਕਿਹਾ ਕਿ ਭਾਈ ਗੁਰਬਾਣੀ ਦੀ ਇੰਜ ਬੇਅਦਬੀ ਨਾ ਕਰੋ।

ਇਹ ਤਾਂ ਰੌਲੇ ਦੇ ਬਾਹਰ ਮੁਖੀ ਅਸਰ ਹਨ। ਵਿਗਿਆਨ ਕਹਿੰਦਾ ਹੈ ਰੌਲਾ ਆਦਮੀ ਦੀ ਸੁਨਣ ਸ਼ਕਤੀ ਕਮਜ਼ੋਰ ਕਰਦਾ ਹੈ ਅਤੇ ਇਸ ਨਾਲ ਬੋਲਾਪਣ ਆਉਂਦਾ ਹੈ। ਰੌਲੇ ਨਾਲ ਤੰਤੂ ਰੋਗ ਉਪਜਦੇ ਹਨ। ਇਸ ਨਾਲ ਮਿਅਦੇ ਵਿਚ ਅਲਸਰ ਹੋਣ ਦੀ ਜਾਂ ਉਸਦੇ ਵਧਣ ਦੀ ਸੰਭਾਵਨਾ ਹੈ। ਜਿਹੜਾ ਆਦਮੀ ਰੌਲੇ ਤੋਂ ਬਚਿਆ ਰਹਿੰਦਾ ਹੈ ਉਹ ਬਹੁਤ ਬਾਰੀਕ ਆਵਾਜ਼ ਨੂੰ ਸੁਣ ਸਕਦਾ ਹੈ। ਕੈਬਿਨ ਵਿਚ, ਕਾਰ ਦੇ ਇੰਜਣ ਦੀ ਸ਼ੂਕਰ ਦੀ ਰੌਲੇ ਦੀ ਪੱਧਰ 65 ਤੋਂ 90 ਡੀ. ਬੀ. (ਰੌਲਾ ਮਾਪਣ ਦੀ ਇਕਾਈ) ਹੁੰਦੀ ਹੈ ਜਦ ਕਿ 90 ਤੋਂ ਵਧ ਡੀ. ਬੀ. ਵਾਲਾ ਰੌਲਾ ਮਨੁੱਖੀ ਸਰੀਰ ਪਰਬੰਧ ਤੇ ਭਿਆਨਕ ਅਸਰ ਪਾਉਂਦਾ ਹੈ। ਇਸ ਨਾਲ ਉਹ ਕੰਮ ਜਿਹੜੇ ਜ਼ਿਆਦਾ ਧਿਆਨ ਮੰਗਦੇ ਹਨ, ਕਰਨ ਦੀ ਸਮਰਥਾ ਘੱਟ ਜਾਂਦੀ ਹੈ ਅਤੇ ਕੰਮ ਵਿਚ ਫੁਰਤੀ ਵੀ ਘੱਟ ਜਾਂਦੀ ਹੈ।

ਸੋਵੀਅਤ ਯੂਨੀਅਨ ਦੇ ਇਕ ਪਰੈਸ ਰੀਲੀਜ਼ ਵਿਚ ਦਸਿਆ ਗਿਆ ਹੈ ਕਿ ਸੰਨ 1969 ਵਿਚ ਉਥੋਂ ਦੇ ਯੂਕਰੇਨ ਗਣਰਾਜ ਵਿਚ ਇਕ ਅੰਤਰ ਵਿਭਾਗੀ ਰੌਲਾ ਵਿਰੋਧੀ ਕਮਿਸ਼ਨ ਸਥਾਪਤ ਕੀਤਾ ਗਿਆ ਹੈ ਜਿਸ ਵਿਚ ਉਹਨਾਂ ਨੇ ਸ਼ਹਿਰ ਦੇ ਅਫਸਰਾਂ, ਇਮਾਰਤਾਂ ਦੀ ਉਸਾਰੀ ਕਰਨ ਵਾਲਿਆਂ ਵਡੇ ਵਡੇ ਕਾਰਖਾਨਿਆਂ ਦੇ ਡਾਇਰੈਕਟਰਾਂ, ਮੈਨੇਜਰਾਂ ਅਤੇ ਡਾਕਟਰਾਂ ਨੂੰ ਸ਼ਾਮਲ ਕੀਤਾ ਅਤੇ ਇਸੇ ਪ੍ਰਕਾਰ ਦੇ ਕਮਿਸ਼ਨ ਸ਼ਹਿਰ ਅਤੇ ਜ਼ਿਲੇ ਵਿਚ ਹੋਣ ਵਾਲੇ ਪੈਦਾਵਾਰੀ ਕੰਮਾਂ ਬਾਰੇ ਸਥਾਪਤ ਕੀਤੇ ਗਏ ਅਤੇ ਮਨੁਖ ਦੁਆਲੇ ਇਕ ਪ੍ਰਕਾਰ ਦਾ ਆਵਾਜ਼ ਕਵਰ ਚੜ੍ਹਾ ਕੇ ਰੌਲੇ ਤੋਂ ਨਿਰਲੇਪ ਕਰਨ ਦਾ ਯਤਨ ਕੀਤਾ ਗਿਆ। ਇਸ ਮੰਤਵ ਲਈ ਉਹ ਖਾਰਕੋਸ਼ ਦੇ ਹਵਾਈ ਅੱਡੇ ਨੂੰ ਇਕ ਨਵੀਂ ਥਾਂ ਲੈ ਗਏ। ਦਿਨੇ 12 ਤੋਂ ਸ਼ਾਮ ਦੇ 7 ਵਜੇ ਦੇ ਦਰਮਿਆਨ ਹਵਾਈ ਅੱਡੇ ਤੇ ਉਤਰਣ ਵਾਲੇ ਹਵਾਈ ਜਹਾਜ਼ਾਂ ਦੀ ਗਿਣਤੀ ਘਟਾ ਦਿਤੀ ਅਤੇ ਜਹਾਜ਼ਾਂ ਦੇ ਉਤਰਣ ਲਈ ਵੀ ਰਿਹਾਇਸ਼ੀ ਮਕਾਨਾਂ ਤੋਂ ਦੂਰ ਵਾਲਾ ਰਸਤਾ ਅਪਣਾਇਆ ਜਾਂਦਾ ਹੈ। ਉਹਨਾਂ ਨੇ ਇਕ ਅਧਿਐਨ ਕਰਕੇ ਰੌਲੇ ਵਾਲੇ ਇਲਾਕਿਆਂ ਦਾ ਨਕਸ਼ਾ ਬਣਾਇਆ ਹੈ ਅਤੇ ਵੱਖ ਵੱਖ ਰੌਲੇ ਦੇ 'ਟਾਪੂਆਂ' ਦੀ ਹੁਣ ਤੋਂ ਲੈ ਕੇ ਸੰਨ 2000 ਤਕ ਕੀ ਸਥਿਤੀ ਹੋਵੇਗੀ ਇਸ ਬਾਰੇ ਜਾਣਕਾਰੀ ਲੈ ਕੇ ਇਸ ਤੋਂ ਬਚਣ ਲਈ ਹੁਣ ਤੋਂ ਹੀ ਉਪਾਅ ਕੀਤੇ ਹਨ।

ਸੋਵੀਅਤ ਯੂਨੀਅਨ ਦੇ ਜਨਤਕ ਸਿਹਤ ਮੰਤਰਾਲੇ ਵਲੋਂ ਰੌਲੇ ਤੋਂ ਬਚਾਓ ਵਾਸਤੇ ਕੁਝ ਅਸੂਲ ਬਣਾਏ ਹਨ ਅਤੇ ਇਹ ਅਸੂਲ ਮਕਾਨ ਤੇ ਭਵਨ ਬਨਾਉਣ ਵਾਲਿਆਂ, ਆਵਾਜਾਈ ਤੇ ਸੰਚਾਰ ਲਾਈਨਾਂ ਬਨਾਉਣ ਵਾਲਿਆਂ ਤੇ ਸ਼ਖਤੀ ਨਾਲ ਲਾਗੂ ਹੁੰਦੇ ਹਨ।

ਸਾਡੀ ਸਰਕਾਰ ਵਲੋਂ ਵੀ ਰੌਲੇ ਨੂੰ ਘਟ ਕਰਨ ਲਈ ਲਾਊਡ ਸਪੀਕਰਾਂ ਦੀ ਬਗੈਰ ਆਗਿਆ ਵਰਤੋਂ ਤੇ ਪਾਬੰਦੀ ਲਾਈ ਗਈ ਹੈ। ਪਰ ਅਸੀਂ ਧਰਮ ਦੀ ਆੜ ਵਿਚ ਇਸ ਕਾਨੂੰਨ ਦੀਆਂ ਧਜੀਆਂ ਉੜਾ ਦਿੰਦੇ ਹਾਂ। ਕਾਨੂੰਨ ਦੀ ਉਲੰਘਣਾ ਤਾਂ ਇਕ ਪਾਸੇ ਇਸ ਗਲ ਸਿਹਤ ਲਈ ਵੀ ਮਾਰੂ ਹੁੰਦੀ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਜਿਥੇ ਆਪ ਅਸੀਂ ਰੌਲਾ ਰੋਕੂ ਮੁਹਿੰਮ ਚਲਾਈਏ ਉਥੇ ਦੂਜਿਆਂ ਨੂੰ ਵੀ ਇਸ ਮੰਤਵ ਲਈ ਪਰੇਰਣਾ ਦੇਈਏ। ਇਸ ਮੰਤਵ ਲਈ ਆਪਣੇ ਵਲੋਂ ਜੋ ਅਸੀਂ ਕਰ ਸਕਦੇ ਹਾਂ ਕਰੀਏ। ਘਟੋ ਘਟ ਆਪਣੇ ਰੇਡੀਓ, ਟਰਾਂਜ਼ਿਸਟਰ ਟੇਪ ਰਿਕਾਰਡ, ਰਿਕਾਰਡ ਪਲੇਅਰ ਵਜਾਉਣ ਲਗਿਆਂ ਉਹਨਾਂ ਤੋਂ ਲਾਊਡ ਸਪੀਕਰ ਦਾ ਕੰਮ ਨਾ ਲਈਏ। ਗੁਰਦੁਆਰਿਆਂ ਮੰਦਰਾਂ ਅਤੇ ਛੋਟੇ ਪਬਲਿਕ ਇਕੱਠਾਂ ਵਿਚ ਵਡੇ ਵਡੇ ਧੂਤਿਆਂ ਦੀ ਥਾਂ ਮਿਨੀ ਆਵਾਜ਼ ਵਾਲੇ ਸਾਊਂਡ ਕਾਲਮਾਂ ਦਾ ਪਰਯੋਗ ਕਰੀਏ। (ਕਿਹ ਚੰਗਾ ਹੋਵੇ ਜੇ ਬਹੁਤੀ ਆਵਾਜ਼ ਵਾਲੇ ਲਾਊਡਸਪੀਕਰ ਬਨਾਉਣ ਤੇ ਪਾਬੰਦੀ ਹੀ ਲਗ ਜਾਵੇ)-ਅਤੇ ਸਭ ਤੋਂ ਵਧੀਆ ਗੱਲ ਆਪਣੇ ਮਨਾਂ ਨੂੰ ਇਸ ਹਕੀਕਤ ਤੋਂ ਜਾਣੂ ਕਰਾਉਣਾ ਹੈ ਕਿ ਇਹ ਰੌਲਾ ਨਿਰੀ ਬਿਮਾਰੀ ਹੀ ਹੈ।



Namdhari Elibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ

ਡਾ : ਕਰਮ ਸਿੰਘ ਕਪੂਰ—ਐਮ.ਏ. ਪੀ.

ਵਾਲੀ ਪੰਥ ਦੇ ਦਿਲਾਂ ਦੇ ਸ਼ਹਿਨਸ਼ਾਹਾ ਤੇਰੀ ਉੱਚੀ ਜ਼ਮਾਨੇ ਥੀ ਸ਼ਾਨ ਚਮਕੇ
ਬੰਦ ਬੰਦ ਵਿਚ ਬੰਦ ਹੈ ਚਮਕ ਤੇਰੀ ਹਰ ਇਕ ਬੰਦ ਹੈ ਕਾਬਲ ਬਿਆਨ ਚਮਕੇ
ਤੇਰੀ ਚਮਕਦੀ ਚਮਕ ਤੋਂ ਲੈ ਚਮਕਾਂ ਸੂਰਜ ਚੰਨ ਤੇ ਜ਼ਿਮੀ ਅਸਮਾਨ ਚਮਕੇ
ਤੈਥੋਂ ਚਮਕ ਲੈ ਕੇ ਹਿੰਦੋਸਤਾਨ ਚਮਕੇ ਤੂਏਂ ਚਮਕੇਂ ਤੇ ਸਾਰਾ ਜਹਾਨ ਚਮਕੇ
ਮਾਲਕ ਪੰਥ ਦੇ ਵੱਡੇ ਪ੍ਰਤਾਪ ਵਾਲੇ ਪੰਥ ਜਿਸਮ ਤੇ ਉਸ ਵਿਚ ਜਾਨ ਸੈਂ ਤੂੰ
ਤੇਰੀ ਜਾਨ ਦੇ ਨਾਲ ਜਹਾਨ ਕਾਇਮ ਬੇ-ਜ਼ਬਾਨ ਦੀ ਗੋਇਆ ਜ਼ਬਾਨ ਸੈਂ ਤੂੰ

... ... ... ...

ਪਾਤਸ਼ਾਹਾਂ ਦੇ ਪਾਤਸ਼ਾਹਾ ਦਰ ਤੇਰੇ ਪਾਤਸ਼ਾਹੀਆਂ ਵੀ ਸੀਸ ਨਿਵਾਂਦੀਆਂ ਸਨ
ਓ ਵਾਲੀਆ ਹਰ ਦੋ ਜਹਾਨ ਦਿਆ ਜਿਧਰ ਜਾਂਦਾ ਸੈਂ ਰਹਿਮਤਾਂ ਜਾਂਦੀਆਂ ਸਨ
ਦਰ ਤੇ ਆਇਆ ਸਵਾਲੀ ਨਾ ਗਿਆ ਖਾਲੀ ਸਿਰ ਤੇ ਸ਼ਫਕਤਾਂ ਮੀਂਹ ਬਰਸਾਂਦੀਆਂ ਸਨ
ਧੁਰੋਂ ਟੁਟਿਆਂ ਨੂੰ ਤੇਰੀ ਨਜ਼ਰ ਤਾਰੇ ਤਰੀਆਂ ਉਹ ਵੀ ਡੁਬਦੀਆਂ ਜਾਂਦੀਆਂ ਸਨ
ਪੰਥ-ਗਊ ਗਰੀਬ ਦੇ ਰਾਖਿਆ ਵੇ ਲੱਜਪਾਲ ਆਖਾਂ ਜਾਂ ਗੋਪਾਲ ਆਖਾਂ
ਦਿਲ ਦੇ ਜਾਨੀ ਅੱਟਲ ਪ੍ਰਤਾਪ ਵਾਲੇ ਉਹ ਕਮਾਲ ਵਾਲੇ ਕੀ ਕਮਾਲ ਆਖਾਂ

... ... ... ... ...

ਤੇਰੀ ਯਾਦ ਵਿਚ ਮਸਤ ਅਲਸਤ ਸਾਈਆਂ ਰੂਹਾਂ ਫੇਰ ਮਸਤਾਨੀਆਂ ਹੋ ਰਹੀਆਂ
ਚਸ਼ਮੇ ਇਸ਼ਕ ਦੇ ਚਸਕਾਂ ਵਿਚ ਉਬਲ ਰਹੇ ਨੇ ਚਸ਼ਮਾਂ ਵਿਚ ਤੁਗਿਆਨੀਆਂ ਹੋ ਰਹੀਆਂ
ਲੁਕ ਗਏ ਨੇ ਖੇਤੇ ਕਿਉਂ ਸਧਰਾਂ ਦੇ ਤੇਰੇ ਬਿਨਾਂ ਬਾਰਾਨੀਆਂ ਹੋ ਰਹੀਆਂ
ਤੇਰੇ ਬਾਗ਼ ਤੇ ਖੇਤਾਂ ਬਹਾਰ ਕਿਉਂ ਨਹੀਂ ਸਤਿਗੁਰੂ ਇਹ ਹੈਰਾਨੀਆਂ ਹੋ ਰਹੀਆਂ
ਕੰਨਾਂ ਵਿਚ ਪਰ ਗੂੰਜਦੇ ਸ਼ਬਦ ਤੇਰੇ ਸ਼ਬਦਾਂ ਤੇਰਿਆਂ ਵਿਚ ਤਾਸੀਰ ਤੇਰੀ
ਜਿਉਂ ਫਰਮਾਉਂਦਾ ਸੈਂ ਪਾਤਸ਼ਾਹ ਕੋਲ ਬਹਿਕੇ ਉਦੋਂ ਬੋਲੇਗੀ ਕਿਵੇਂ ਤਾਬੀਰ ਤੇਰੀ

... ...

ਮੈਂ ਕੀ ਆਖਣੈਂ ਆਖ ਵੀ ਕੀਹ ਸਕਣੈਂ ਤੂੰਹੀਓਂ ਮੇਰੇ ਖਿਆਲਾਂ ਨੂੰ ਸਮਝ ਸਕਣੈਂ
ਦਿਲ 'ਚੋਂ ਉਠ ਜੋ ਆਉਂਦੇ ਜ਼ਬਾਨ ਤੇ ਨਹੀਂ ਉਹਨਾਂ ਮੁਬਤਲ ਸਵਾਲਾਂ ਨੂੰ ਸਮਝ ਸਕਣੈਂ
ਇਕੋ ਝਲਕ ਨੇ ਹੀ ਪਾਗਲ ਕਰ ਦਿੱਤੇ ਮੈਂ ਕੀ ਤੇਰੇ ਜਮਾਲਾਂ ਨੂੰ ਸਮਝ ਸਕਣੈਂ
ਸਿਖੀ ਕੌਮ ਦੇ ਸਾਂਝਿਆ ਰਾਂਝਿਆ ਵੇ ਮੈਂ ਕੀ ਤੇਰੇ ਕਮਾਲਾਂ ਨੂੰ ਸਮਝ ਸਕਣੈਂ
ਤੰਗ ਕਰਦੀਆਂ ਮੇਰੀਆਂ ਆਰਜ਼ੂਆਂ ਦਿਲ ਗ਼ਮਾਂ ਨੇ ਘੇਰਿਆ ਰਾਤ ਹੋ ਕੇ
ਸੂਰਜ ਵਾਂਗ ਹੁਣ ਚਮਕ ਕੇ ਦੇ ਦਰਸ਼ਨ ਮੇਰੇ ਜੀਵਨ ਦੀ ਆ ਪਰਭਾਤ ਹੋ ਕੇ।



Namdhari Elibrary NamdhariElibrary@gmail com

ਸੰਗੀਤ ਲੇਖ

# ਪੰਡਤ ਓਂਕਾਰ ਨਾਥ ਠਾਕਰ

ਪ੍ਰੋ: ਜੁਗਿੰਦਰ ਬਾਵਰਾ

ਵੀਹਵੀਂ ਸਦੀ ਦੇ ਯੁਗ-ਪੁਰਸ਼ ਸਾਧੂ ਸੰਗੀਤਕਾਰ ਪੰਡਿਤ ਵਿਸ਼ਨੂ ਦਿਗੰਬਰ ਪੁਲਸਕਰ ਦੇ ਯੋਗ ਸ਼ਿਸ਼ ਸਵਰਗੀ ਪੰਡਿਤ ਓਂਕਾਰਨਾਥ ਠਾਕੁਰ ਦਾ ਨਾਮ ਸੰਗੀਤ ਜਗਤ ਵਿਚ ਸੂਰਜ ਦੀ ਤਰ੍ਹਾਂ ਅਮਰ ਰਹੇਗਾ। ਵਿਸ਼ਨੂ ਦਿਗੰਬਰ ਜੀ ਦੇ ਉਸ ਪ੍ਰਣ ਨੂੰ ਜੋ ਉਹਨਾਂ ਨੇ ਸੰਗੀਤ ਦੇ ਪ੍ਰਤੀ ਘਿਰਣਾ ਵੇਖ ਕੇ ਲਿਆ ਸੀ ਉਸ ਨੂੰ ਖੁਦ ਵੀ ਪੂਰਾ ਕੀਤਾ ਤੇ ਠਾਕੁਰ ਓਂਕਾਰਨਾਥ ਨੇ ਉਸ ਦੀ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਕਰ ਦਿਤੀ।

ਇਸ ਅਮਰ ਸੰਗੀਤਕਾਰ ਦਾ ਜਨਮ 24 ਜੂਨ 1897 ਨੂੰ ਬੜੌਦਾ ਰਿਆਸਤ ਦੇ ਜਹਾਜ ਨਾਮਕ ਪਿੰਡ ਵਿਚ ਪੰਡਤ ਗੌਰੀ ਸ਼ੰਕਰ ਠਾਕੁਰ ਦੇ ਘਰ ਹੋਇਆ। ਇਹਨਾਂ ਦੇ ਪਿਤਾ ਜੀ ਇਕ ਯੋਗੀ ਪੁਰਸ਼ ਸਨ। ਪੰਡਤ ਜੀ ਦੀ ਬਾਲ-ਅਵਸਥਾ ਬੜੇ ਕਸ਼ਟਾਂ ਵਿਚ ਗੁਜ਼ਰੀ। ਸਿਰਫ ਛੇ ਸਾਲ ਦੀ ਉਮਰ ਵਿਚ ਇਹਨਾਂ ਨੂੰ ਮਿਹਨਤ ਮਜ਼ਦੂਰੀ ਕਰਨੀ ਪਈ। ਕਿਤੇ ਰਸੋਈਆ ਤੇ ਕਿਤੇ ਮਿਲ ਮਜ਼ਦੂਰ। ਪੰਡਤ ਜੀ ਦੀ ਅਵਾਜ਼ ਵਿਚ ਮਧੁਰਤਾ ਇਕ ਈਸ਼ਵਰੀ ਦੇਣ ਸੀ ਪਾਠਸ਼ਾਲਾ ਵਿਚ ਇਹ ਮਧੁਰ ਕੰਠ ਨਾਲ ਕਵਿਤਾ ਗਾਇਨ ਕਰਦੇ ਤਾਂ ਅਧਿਆਪਕ-ਗਣ ਅਤੇ ਸਰੋਤੇ ਬੜੇ ਪ੍ਰਸੰਨ ਅਤੇ ਪ੍ਰਭਾਵਤ ਹੁੰਦੇ। ਪੰਡਤ ਜੀ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਵਿਸ਼ੇਸ਼ ਪ੍ਰੇਮ ਸੀ। 14 ਸਾਲ ਦੀ ਉਮਰ ਵਿਚ ਆਪ ਜੀ ਦੇ ਸਿਰ ਤੋਂ ਆਪ ਜੀ ਦੇ ਪਿਤਾ ਜੀ ਦਾ ਸਾਇਆ ਉਠ ਗਿਆ। ਇਕ ਵਾਰੀ ਆਪ ਜੀ ਦੀ ਮੋਹਣੀ ਸੂਰਤ ਤੇ ਸੁਰੀਲੀ ਆਵਾਜ਼ ਤੋਂ ਆਕਰਸ਼ਿਤ ਹੋ ਕੇ ਇਕ ਮਿਲ ਮਾਲਕ ਨੇ ਆਪ ਨੂੰ ਗੋਦ ਲੈਣਾ ਚਾਹਿਆ ਪਰ ਆਪ ਜੀ ਦੇ ਪਿਤਾ ਨੇ ਕਿਹਾ ਕਿ ਇਹ ਬਾਲਕ ਕਿਸੇ ਧਨਵਾਨ ਦਾ ਗੋਦ ਲਿਆ ਪੁਤਰ ਨਾ ਬਣਕੇ ਸੁਰਸਵਤੀ ਪੁੱਤਰ ਬਣੇਗਾ ਅਤੇ ਲਕਸ਼ਮੀ ਪਤੀਆਂ ਨਾਲੋਂ ਵੀ ਵਧ ਸਨਮਾਨ ਪ੍ਰਾਪਤ ਕਰੇਗਾ। ਇਕ ਵਾਰੀ ਇਹਨਾਂ ਨੂੰ ਸੇਠ ਸ਼ਾਹਪੁਰ ਜੀ ਮਨਰੋਰ ਜੀ ਡੂੰਗਾ ਜੀ ਨੂੰ ਗਾਣ ਸੁਨਾਣ ਦਾ ਮੌਕਾ ਪ੍ਰਾਪਤ ਹੋਇਆ। ਉਸ ਦਾਨੀ ਸਜਣ ਨੇ ਆਪ ਜੀ ਦੀ ਵਿਸ਼ੇਸ਼ਤਾ ਵੇਖਦੇ ਹੋਏ ਬੰਬਈ ਵਿਚ ਗੰਧਰਵ ਮਹਾਂ-ਵਿਦਿਆਲਾ ਜੋ ਕੇ ਪੰਡਤ ਵਿਸ਼ਨੂੰ ਦਿਗੰਬਰ ਜੀ ਚਲਾ ਰਹੇ ਸਨ ਵਿਚ ਸੰਗੀਤ ਸਿਖਿਆ ਲੈਣ ਲਈ ਭੇਜ ਦਿਤਾ। ਪੰਡਤ ਜੀ ਬੜੇ ਤੀਖਣ-ਬੁਧੀ ਦੇ ਵਿਦਿਆਰਥੀ ਸਨ।

ਇਕ ਵਾਰੀ ਕਾਠੀਆਵਾੜ ਦੀ ਇਕ ਨਾਟਕ ਕੰਪਨੀ ਬੰਬਈ ਵਿਖੇ ਆਈ ਉਹਨਾਂ ਨੂੰ ਕਿਸੇ ਸੁੰਦਰ ਅਤੇ ਸੁਰੀਲੇ ਪਾਤਰ ਦੀ ਲੋੜ ਸੀ। ਪੰਡਤ ਜੀ ਦੇ ਵਡੇ ਭਰਾ ਨੇ ਕੰਪਨੀ ਦੇ ਡਾਇਰੈਕਟਰ ਨਾਲ 40 ਰੁਪਏ ਮਹੀਨਾ ਤੈਅ ਵੀ ਕਰ ਲਿਆ ਪਰ ਓਂਕਾਰ ਨਾਥ ਹਾਲੇ ਸੰਗੀਤ ਸਾਧਨਾ ਕਰਨਾ ਚਾਹੁੰਦੇ ਸਨ। ਉਹਨਾਂ ਨੇ ਆਪਣੇ ਗੁਰੂ ਨਾਲ ਸਲਾਹ ਕਰਕੇ ਬੜੀ ਤਰਕੀਬ ਨਾਲ ਪਿਛਾ ਛੁਡਾਇਆ। 1916 ਵਿਚ ਪੰਡਤ ਜੀ ਨੂੰ ਲਾਹੌਰ ਵਿਖੇ ਮਹਾਂਵਿਦਿਆਲਾ ਦਾ ਪ੍ਰਿੰਸੀਪਲ ਬਣਾ ਕੇ ਭੇਜ ਦਿਤਾ ਗਿਆ। ਇਸ ਪਦ ਨੂੰ ਉਹਨਾਂ ਨੇ ਬੜੀ ਚੰਗੀ ਤਰ੍ਹਾਂ ਨਿਭਾਇਆ। ਪਰਦਾ ਨਸ਼ੀਨ ਇਸਤਰੀਆਂ ਤਕ ਵੀ ਸੰਗੀਤ ਪਹੁੰਚਾ ਦਿਤਾ। ਇਹ ਉਹ ਸਮਾਂ ਸੀ ਜਦੋਂ ਸੰਗੀਤ ਨੂੰ ਬੜੀ ਘਟੀਆ ਵਸਤੂ ਸਮਝਿਆ ਜਾਂਦਾ ਸੀ। ਆਪਣੇ ਆਪ ਨੂੰ ਉਚ ਸ਼੍ਰੇਣੀ ਦਾ ਸਮਝਣ ਵਾਲੇ ਲੋਕ ਸੰਗੀਤ ਨੂੰ ਨਿਚਲੇ ਦਰਜੇ ਦਾ ਤੇ ਆਪ ਨੂੰ ਉਪਰਲੇ ਦਰਜੇ ਦਾ ਸਮਝਦੇ ਸਨ। ਕਿਉਂਕਿ ਸੰਗੀਤ ਰਿਸ਼ੀਆਂ ਮੁਨੀਆਂ ਤੋਂ ਚਲਦਾ ਹੋਇਆ ਵੇਸਵਾਵਾਂ ਤਕ ਪੁਜ ਗਿਆ ਸੀ। ਲੋਕ



Namdhari Elibrary NamdhariElibrary@gmail.com

ਇਹ ਹੀ ਸਮਝਣ ਲਗ ਪਏ ਕਿ ਇਹ ਕੰਮ ਸਿਰਫ ਇਹਨਾਂ ਦਾ ਹੀ ਹੈ। ਪਰ ਸਾਰੇ ਇਸ ਨੂੰ ਇਕੋ ਨਜ਼ਰ ਨਾਲ ਨਹੀਂ ਸਨ ਵੇਖਦੇ, ਕੁਝ ਸੰਗੀਤ ਕਲਾ ਦੇ ਹਕ ਵਿਚ ਵੀ ਸਨ। 1922 ਵਿਚ ਆਪ ਜੀ ਦੀ ਸ਼ਾਦੀ ਹੋ ਗਈ। ਆਪ ਧਨ ਪ੍ਰਾਪਤੀ ਲਈ ਨੇਪਾਲ ਵੀ ਗਏ। ਲਗਾਤਾਰ 6 ਦਿਨ ਪੈਦਲ ਚਲਨਾ ਪਿਆ। ਆਖਰ ਨੇਪਾਲ ਨਰੇਸ਼ ਪਾਸ ਪੁਜ ਗਏ। ਆਪ ਜੀ ਦੇ ਨਾਲ ਆਪ ਦੇ ਭਾਈ ਰਮੇਸ਼ ਸਾਹਿਬ ਵੀ ਸਨ। ਆਪ ਜੀ ਦੇ ਗਾਣੇ ਤੇ ਪ੍ਰਸਨ ਹੋ ਕੇ ਰਾਜੇ ਨੇ 5 ਹਜ਼ਾਰ ਰੁਪਏ ਇਨਾਮ ਦਿਤਾ। ਬਾਅਦ ਵਿਚ ਫਿਰ ਵੀ ਤਿੰਨ ਵਾਰੀ ਨੇਪਾਲ ਦਾ ਦੌਰਾ ਕੀਤਾ ਇਕ ਵਾਰ ਨੇਪਾਲ ਨਰੇਸ਼ ਨੇ ਨੌਕਰੀ ਦੀ ਪੇਸ਼ਕਸ਼ ਕੀਤੀ, ਪਰ ਪੰਡਿਤ ਜੀ ਆਜ਼ਾਦ ਤਬੀਅਤ ਵਿਅਕਤੀ ਸਨ, ਨਾ ਮੰਨੇ, ਕਿਉਂਕਿ ਫਿਰ ਰਾਜੇ ਦਾ ਮਿਤਰ ਨਾ ਹੋਕੇ ਨੌਕਰ ਬਣ ਜਾਣਾ ਸੀ। ਬਾਅਦ ਵਿਚ ਇਟਲੀ, ਫਰਾਂਸ, ਬੇਲਜੀਅਮ, ਇੰਗਲੈਂਡ ਵੀ ਗਏ। ਰੂਸ ਤੋਂ ਵੀ ਆਪ ਨੂੰ ਸਦਾ ਪੱਤਰ ਮਿਲਿਆ ਪਰ ਅਪਣੀ ਧਰਮ ਪਤਨੀ ਦੀ ਮੌਤ ਦਾ ਸਮਾਚਾਰ ਸੁਣ ਕੇ ਭਾਰਤ ਵਾਪਸ ਆ ਗਏ ਅਤੇ ਬੰਬਈ ਹੀ ਰਹਿਨ ਲਗ ਪਏ।

1952 ਵਿਚ ਆਪ ਅਫਗਾਨਿਸਤਾਨ ਗਏ, 1953 ਵਿਚ ਬੁਦਾ ਪੇਸਟ ਅਤੇ 1954 ਵਿਚ ਜਰਮਨੀ ਵਿਚ ਵਿਸ਼ਵ ਸ਼ਾਂਤੀ ਪ੍ਰੀਸ਼ਦ ਵਿਚ ਭਾਗ ਲੈਣ ਲਈ ਗਏ। 1955 ਵਿਚ ਗਣਤੰਤਰ ਦਿਵਸ ਦੇ ਅਵਸਰ ਤੇ ਆਪ ਜੀ ਨੂੰ ਪਦਮ ਸ੍ਰੀ ਦੀ ਉਪਾਧੀ ਨਾਲ ਸ਼ੋਭਾਏਮਾਨ ਕੀਤਾ ਗਿਆ।

ਪੰਡਤ ਜੀ ਇਕ ਅਣਖੀਲੇ ਸੁਭਾਅ ਦੇ ਵਿਅਕਤੀ ਸਨ। ਇਕ ਵਾਰ ਇਕ ਮਹਾਰਾਜੇ ਦੇ ਗਾਨਾ ਸੀ। ਪੰਡਿਤ ਜੀ ਦਾ ਆਸਨ ਨੀਵਾਂ ਤੇ ਸਰੋਤਿਆਂ ਦਾ ਉਚਾ ਸੀ। ਪੰਡਿਤ ਜੀ ਨੇ ਕਿਹਾ ਕਿ ਮੈਨੂੰ ਗਾਨ ਤੋਂ ਬਾਅਦ ਜ਼ਮੀਨ ਤੇ ਬੈਠਣ ਵਿਚ ਕੋਈ ਤਕਲੀਫ ਨਹੀਂ ਹੋਵੇਗੀ। ਪਰ ਕਲਾ ਪ੍ਰਦਰਸ਼ਨੀ ਵੇਲੇ ਮੈਂ ਕਲਾ ਅਤੇ ਕਲਾਕਾਰ ਦਾ ਅਪਮਾਨ ਸਹਿਨ ਨਹੀਂ ਕਰ ਸਕਦਾ। ਅੰਤ ਵਿਚ ਰਾਜੇ ਨੂੰ ਉਸੇ ਵਕਤ ਉਚੀ ਸਟੇਜ ਦਾ ਪ੍ਰਬੰਧ ਕਰਨਾ ਪਿਆ। ਆਪ ਜੀ ਦਾ ਗਾਇਨ ਭਾਵ ਰਸ ਪ੍ਰਧਾਨ ਸੀ। ਤਾਨਾਂ ਨਾਲੋਂ ਅਲਾਪਚਾਰੀ ਵਲ ਜ਼ਿਆਦਾ ਝੁਕਾ ਰਹਿੰਦਾ ਸੀ। ਰਾਗ ਦੇ ਸਰੂਪ ਨੂੰ ਸਾਹਮਣੇ ਰਖ ਕੇ ਗਾਂਦੇ ਸਨ। ਰਾਗ, ਰਾਗਨੀ, ਸ਼ਿਸ਼ੂ ਰਾਗ ਆਦਿ ਦੇ ਸਰੂਪ ਨੂੰ ਸਨਮੁਖ ਰਖਦੇ। ਉਹ ਵੈਸੇ ਤਾਂ ਖਿਆਲ ਗਾਇਕ ਸਨ ਪਰ ਭਜਨ ਵਿਚ ਉਹਨਾਂ ਨੂੰ ਕਮਾਲ ਹਾਸਲ ਸੀ। ਜੋਗੀ ਮਤ ਜਾ, ਮਈਆ ਮੋਰੀ ਮੈਂ ਨਹੀਂ ਮਾਖਣ ਖਾਇਓ,ਪਾਰ ਕਰੋ ਮੋਰੀ ਨਈਆ ਆਦਿ ਭਜਨ ਉਹਨਾਂ ਦੇ ਨਾਮ ਨਾਲ ਹੀ ਜੁੜ ਗਏ ਸਨ। ਉਹਨਾਂ ਦੇ ਕਈ ਰਿਕਾਰਡ ਵੀ ਤਿਆਰ ਕੀਤੇ ਗਏ ਸਨ ਜੋ ਕਿ ਰੇਡੀਓ ਤੋਂ ਕਦੀ ਕਦੀ ਪ੍ਰਸਾਰਿਤ ਕੀਤੇ ਜਾਂਦੇ ਰਹਿੰਦੇ ਹਨ। ਪੰਡਿਤ ਜੀ ਨੇ ਕਈ ਸਾਲ ਰੇਡੀਓ ਤੋਂ ਆਪਣਾ ਕੋਈ ਪ੍ਰੋਗਰਾਮ ਹੀ ਨਹੀਂ ਸੀ ਦਿਤਾ ਕੁਝ ਨਰਾਜ਼ ਹੋ ਗਏ ਸਨ। ਕਈ ਸਾਲਾਂ ਬਾਅਦ ਰੇਡੀਓ ਤੋਂ ਪਰੋਗਰਾਮ ਦੇਣ ਲਈ ਰਾਜ਼ੀ ਹੋ ਗਏ ਸਨ। ਪੰਡਿਤ ਜੀ ਇਕ ਸੂਝੀ ਕਲਾਕਾਰ ਸਨ। ਗਾਉਣ ਦੇ ਨਾਲ ਨਾਲ ਭਾਸ਼ਨ ਕਰਨ ਵਿਚ ਵੀ ਕਮਾਲ ਰਖਦੇ ਸਨ। ਹਿੰਦੀ, ਸੰਸਕ੍ਰਿਤ, ਪੰਜਾਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਚੰਗੀ ਤਰ੍ਹਾਂ ਪੜ੍ਹ ਲਿਖ ਸਕਦੇ ਸਨ। ਭਾਵੇਂ ਸਕੂਲੀ ਵਿਦਿਆ ਜ਼ਿਆਦਾ ਪ੍ਰਾਪਤ ਨਾ ਕਰ ਸਕੇ ਸਨ ਪਰ ਉਹਨਾਂ ਦੀਆਂ ਲਿਖਤਾਂ ਤੇ ਬੋਲਣ ਵਿਚ ਜੋ ਪ੍ਰਭਾਵ ਸੀ ਉਹ ਬਹੁਤ ਘਟ ਲੋਕਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਆਵਾਜ਼ ਮਧੁਰ ਹੋਣ ਦੇ ਨਾਲ ਨਾਲ ਭਾਵਾਨੁਕੂਲ ਤੇ ਰਸਾਨਕੂਲ ਸੀ। ਇਕ ਪਾਸੇ ਗੰਭੀਰ ਤੇ ਦੂਜੇ ਪਾਸੇ ਕੋਮਲ, ਭਗਤੀ ਭਾਵ, ਚੰਚਲਤਾ, ਕਰੁਣਾ ਆਦਿ ਭਾਵਾਂ ਨੂੰ ਕੰਠ ਦੁਆਰਾ ਬੜੀ ਕੁਸ਼ਲਤਾ ਨਾਲ ਦਿਖਾਂਦੇ। ਬਾਦਲਾਂ ਦੀ ਗਰਜ, ਬਿਜਲੀ ਦੀ ਕੜਕ, ਕਰੋਧ, ਪ੍ਰੇਮ ਅਤੇ ਵੀਰਤਾ ਆਦਿ ਭਾਵਾਂ ਨੂੰ ਗਲੇ ਰਾਹੀਂ ਬੜੇ ਆਰਾਮ ਨਾਲ ਦਿਖਾਉਂਦੇ। ਪੰਡਿਤ ਜੀ ਦੀ ਗਾਇਕੀ ਤੇ ਉਸਤਾਦ ਰਹਿਮਤ ਖਾਂ ਦੀ ਗਾਇਕੀ ਦਾ ਰੰਗ ਸੀ।

ਪੰਡਿਤ ਜੀ ਸਿਰਫ ਇਕ ਕੁਸ਼ਲ ਗਾਇਕ ਹੀ ਨਹੀਂ ਸਨ, ਉਹ ਇਕ ਉਘੇ ਸਾਹਿਤਕਾਰ ਵੀ ਸਨ। ਉਹਨਾਂ ਨੇ ਕਈ ਗ੍ਰੰਥਾਂ ਦਾ ਅਧਿਐਨ ਕੀਤਾ ਤੇ ਕਈ ਪੁਸਤਕਾਂ ਲਿਖੀਆਂ ਕ੍ਰਿਆਤਮਕ ਅਤੇ ਸ਼ਾਸਤਰ ਦੋਨਾਂ ਪਖਾਂ ਦਾ ਗਿਆਨ ਹੋਣਾ ਉਹ ਜ਼ਰੂਰੀ ਸਮਝਦੇ ਸਨ। ਆਪ ਜੀ ਦੇ ਹਿਰਦੇ ਤੋਂ ਨਿਕਲਿਆ ਸੰਗੀਤ ਸਰੋਤਿਆਂ ਦੇ ਦਿਲਾਂ ਵਿਚ ਪ੍ਰਵੇਸ਼ ਕਰ ਜਾਂਦਾ। ਬੇਸ਼ਕ ਸਰੀਰਕ ਰੂਪ ਵਿਚ ਸਾਡੇ ਪਾਸੋਂ 28 ਦਸੰਬਰ 1967 ਦੇ ਵਿਛੜ ਚੁਕੇ ਹਨ ਪਰ ਉਹਨਾਂ ਦੀ ਕਲਾ ਅਤੇ ਸ਼ਾਸਤਰ ਗਿਆਨ ਸਾਡੇ ਪਾਸ ਸੁਰਖਿਅਤ ਹਨ ਜੋ ਉਹਨਾਂ ਦੀ ਯਾਦ ਨੂੰ ਸਦਾ ਤਾਜ਼ਾ ਰਖਦੇ ਹਨ।



Namdhari Elibrary NamdhariElibrary@gmail.com

ਘੁਣਤਰਾਂ

# ਅਸਾਂ ਪ੍ਰਧਾਨਗੀ ਕੀਤੀ

—ਦਲਬੀਰ

ਕਹਾਵਤ ਹੈ ਕਿ ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ ਤੇ ਜਦੋਂ ਕਿਸੇ ਕੁੱਤੇ ਦੀ ਸ਼ਾਮਤ ਆਉਂਦੀ ਹੈ, ਉਹ ਦਿਲਬਾਗ ਉਰਫ ਬਾਗੇ ਦੇ ਰਾਹ ਵਿਚ ਆ ਖਲੋਂਦਾ ਹੈ। ਬਾਗੇ ਤੇ ਕੁੱਤੇ ਦੇ ਸਬੰਧਾਂ ਬਾਰੇ ਤਾਂ ਕਦੇ ਫੇਰ ਜ਼ਿਕਰ ਕਰਾਂਗਾ; ਇਥੇ ਸਿਰਫ ਇਹੀ ਕਹਿਣ ਦੀ ਇੱਛਾ ਰਖਦਾ ਹਾਂ ਕਿ ਮੇਰੇ ਵਰਗੇ ਹਮਾਤੜ ਧਮਾਤੜ ਜਦੋਂ ਕਦੇ ਕਿਸੇ ਪਰਸਿੱਧੀ ਲਈ ਜਾਂ ਵਾਹ ਵਾਹ ਲਈ ਇੱਛਾ ਕਰਦੇ ਹਨ ਤਾਂ ਉਹ ਕਿਸੇ ਕਵੀ ਸੰਮੇਲਨ ਦੀ ਪ੍ਰਧਾਨਗੀ ਕਰਨ ਦੀ ਹਿਮਾਕਤ ਕਰ ਬੈਠਦੇ ਹਨ।

ਕਹਿੰਦੇ ਹਨ ਬੰਦਾ ਆਪ ਨਹੀਂ ਫਸਦਾ ਸਗੋਂ ਉਹਦੇ ਦੋਸਤ ਮਿੱਤਰ ਫਸਾ ਦਿੰਦੇ ਹਨ। ਮੈਂ ਚੰਗਾ ਭਲਾ ਰੋਟੀ ਰੋਜ਼ੀ ਦੇ ਆਹਰ ਵਿਚ ਲਗਾ ਹੋਇਆ ਸਾਂ, ਚੰਗਾ ਕਮਾਈ ਖਾਈਦਾ ਸੀ, ਮੰਦਾ ਬੋਲੀਦਾ ਸੀ। ਕਿਸੇ ਦਾ ਨਾ ਕੁਝ ਲਈਦਾ ਸੀ ਤੇ ਨਾ ਦੇਈਦਾ ਸੀ। ਪਰ ਭਲਾ ਹੋਵੇ ਕੁਝ ਕੁ ਭਲੇਮਾਣਸ ਖ਼ੈਰ ਖਵਾਹਾਂ ਦਾ, ਜਿਨ੍ਹਾਂ ਚੁੱਕ ਚੁਕਾ ਕੇ, ਫੂਕ ਦੇ ਦਵਾ ਕੇ ਮੈਨੂੰ ਇਕ ਕਵੀ ਦਰਬਾਰ ਦੀ ਪ੍ਰਧਾਨਗੀ ਕਰਨ ਲਈ ਮਜਬੂਰ ਕਰ ਦਿਤਾ। ਪ੍ਰਧਾਨਗੀ ਦੀ ਇੱਛਾ ਕੀਹਨੂੰ ਨਹੀਂ ਹੁੰਦੀ? ਸੋ ਮੈਂ ਵੀ ਉਹਨਾਂ ਦੀ ਚੁਕ ਵਿਚ ਆ ਗਿਆ। ਜਿਵੇਂ ਕਿ ਵੱਡੇ ਲੋਕ ਕਰਦੇ ਹਨ, ਮੈਂ ਵੀ ਪਹਿਲਾਂ ਪਹਿਲ ਨਾਂਹ ਨੁੱਕਰ ਕੀਤੀ, (ਹਾਲਾਂ ਕਿ ਮੈਂ ਬਹੁਤਾ ਵੱਡਾ ਨਹੀਂ ਸਾਂ—ਜਿਵੇਂ ਕਿ ਮੈਨੂੰ ਬਾਅਦ ਵਿਚ ਪਤਾ ਲਗਾ), ਪਰ ਫੇਰ ਇਹ ਕਹਿ ਕੇ ਮੈਂ ਇਹ ਮਸ਼ਵਰਾ ਪਰਵਾਨ ਕਰ ਲਿਆ :

'ਅੱਛਾ ਬਈ ਜੇਕਰ ਤੁਸੀਂ ਨਹੀਂ ਟਲਦੇ ਤਾਂ ਮੈਂ ਕੀ ਕਰ ਸਕਦਾਂ, ਪਰ ਉਂਜ ਮੈਂ ਇਸ ਕਾਬਲ ਨਹੀਂ ਕਿ ਏਨਾ ਮਾਣ ਕਰਵਾਵਾਂ।"

ਪ੍ਰਧਾਨਗੀ ਦੀ ਪੁਛ ਲਗਣੀ ਬਹੁਤ ਕਿਸਮਤ ਵਾਲੀ ਗੱਲ ਹੈ। ਹਰ ਰੋਜ਼ ਕੋਈ ਨਾ ਕੋਈ ਸਮਾਗਮ ਹੁੰਦਾ ਹੀ ਰਹਿੰਦਾ ਹੈ। ਕਦੇ ਸਬਜ਼ੀ ਭਾਜੀ ਵਾਲਿਆਂ ਦਾ ਕੀਮਤ-ਘਟਾਊ ਸਮੇਲਨ (ਜਿਸ ਦੀ ਸ਼ਾਨ ਸ਼ੌਕਤ ਤੇ ਹੀ ਲੱਖਾਂ ਖਰਚੇ ਜਾਂਦੇ ਹਨ) ਕਦੇ ਦਵਾਈ ਫਰੋਸ਼ਾਂ ਦਾ ਸਮਾਗਮ, ਕਦੇ ਮੁਲਾਜ਼ਮਾਂ ਦੀ ਮੀਟਿੰਗ ਤੇ ਕਦੇ ਸਫਾਈ ਮਜ਼ਦੂਰਾਂ ਦਾ ਇਕੱਠ। ਪਰ ਸਮਾਗਮ ਕੋਈ ਵੀ ਕਿਉਂ ਨਾ ਹੋਵੇ, ਇਹਨਾਂ ਭਲੇ ਪੁਰਸ਼ਾਂ ਦੀ ਪ੍ਰਧਾਨਗੀ ਲਈ ਨਜ਼ਰ ਕਦੇ ਮੰਤਰੀਆਂ ਤੇ ਐਮ. ਐਲ. ਏਜ਼ ਤੋਂ ਹੇਠਾਂ ਨਹੀਂ ਉਤਰਦੀ। ਜੇ ਕਦੇ ਕਿਤੇ ਕੋਈ ਮੰਤਰੀ ਜਾਂ ਐਮ. ਐਲ. ਏ. ਨਾ ਆ ਸਕੇ ਤਾਂ ਫੇਰ ਸਥਾਨਕ ਆਗੂਆਂ ਤੇ ਗੁਣਾਂ ਆ ਪੈਂਦਾ ਹੈ। ਮੇਰੇ ਵਰਗਾ ਕਲਮ-ਘਸੀਟ ਤਾਂ ਵਿਚਾਰ ਸਰੋਤਾ ਹੀ ਬਣਦਾ ਹੈ ਤੇ ਉਸ ਦੀ ਪ੍ਰਧਾਨਗੀ ਕਰਨ ਦੀ ਸੱਧਰ ਦਿਲ ਹੀ ਦਿਲ ਦਮ ਘੁੱਟ ਕੇ ਮਰ ਜਾਂਦੀ ਹੈ।

ਹੁਣ ਮਸਾਂ ਮਸਾਂ ਮੌਕਾ ਮਿਲਿਆ ਸੀ ਪ੍ਰਧਾਨਗੀ ਕਰਨ ਦਾ, ਤੇ ਇਹ ਮਸੀਂ ਮਸੀਂ ਦਾ ਮਿਲਿਆ ਮੌਕਾ ਮੈਂ ਕਿਸੇ ਵੀ ਕੀਮਤ ਤੇ ਖੁੰਝਾਉਣਾ ਨਹੀਂ ਸਾਂ ਚਾਹੁੰਦਾ। ਘੱਟੋ ਘੱਟ ਜਦੋਂ ਬੁੱਢਾ, ਪੁੱਤਾਂ ਤੇ ਪੋਤਰਿਆਂ ਵਾਲਾ ਹੋ ਜਾਵਾਂਗਾ ਤਾਂ ਉਹਨਾਂ ਨੂੰ ਕਹਾਣੀਆਂ ਤਾਂ ਸੁਣਾਇਆ ਕਰਾਂਗਾ ਕਿ ਕਿਵੇਂ ਇਕ ਵਾਰ ਮੈਂ ਵੀ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ ਸੀ।

ਕਿਉਂਕਿ ਥੋੜੀ ਬਹੁਤੀ ਤੁਕਬੰਦੀ ਮੈਂ ਵੀ ਕਰ ਲੈਂਦਾ ਸਾਂ, ਇਸ ਲਈ ਮੇਰੇ ਬਹੁਤੇ ਤੱਪੜ-ਚੁੱਕ ਸ਼ਾਇਰ ਮਿੱਤਰ ਸਿਰਫ ਦਾਰੂ ਦੀ ਘੁੱਟ ਦੇ ਲਾਲਚ ਨਾਲ ਹੀ ਪਹੁੰਚ ਗਏ, ਤੇ ਕੁਝ 'ਰੇਡੀਓ ਆਰਟਿਸਟ' ਵੀ ਮੰਗਵਾ ਲਏ। ਉਂਜ ਸੀ ਤਾਂ ਇਹ ਕਵੀ ਦਰਬਾਰ ਹੀ, ਪਰ ਰੇਡੀਓ ਸਿੰਗਰ ਸੱਦਣੀ ਪਈ ਸੀ ਲੋਕਾਂ ਨੂੰ ਇਕੱਠੇ ਕਰਨ ਲਈ ਤੇ ਉਹਨਾਂ ਨੂੰ ਇਹ ਲਾਲਚ ਦੇ ਕੇ ਪਰੋਗਰਾਮ ਦੇ ਅੰਤ ਤਕ ਬਿਠਾਈ ਰੱਖਣ ਲਈ ਕਿ ਮਸ਼ਹੂਰ ਰੇਡੀਓ ਕਲਾਕਾਰ ਰਵਿੰਦਰ 'ਬਾਬੀ' ਨੇ ਹਾਲੇ ਹੋਰ ਪਰੋਗਰਾਮ ਦੇਣਾ ਹੈ। ਇਹ ਸਾਰਾ ਖਰਚ ਲਗਪਗ



Namdhari Elibrary NamdhariElibrary@gmail.com

ਇਕ ਹਜ਼ਾਰ ਕੁ ਰੁਪਏ ਦਾ ਬਣਦਾ ਸੀ, ਪਰ ਮੈਂ ਸੋਚਿਆ ਕਿ ਚਲੋ ਪੈਸੇ ਦਾ ਕੀ ਏ ਬੰਦ......!

ਆਖਰ ਰੱਬ ਰੱਬ ਕਰ ਕੇ ਪਰੋਗਰਾਮ ਵਾਲਾ ਦਿਨ ਆ ਗਿਆ। ਮੇਰੇ ਹੀ ਨਹੀਂ ਹੋਰਾਂ ਸ਼ਾਇਰਾਂ ਦੇ ਲਿਖੇ ਸ਼ੇਅਰਾਂ ਨੂੰ ਚੋਰੀ ਕਰ ਕੇ ਆਪਣੀਆ ਗਜ਼ਲਾਂ ਵਿਚ ਭਰਨ ਵਾਲੇ ਮੇਰੇ ਜੁੱਲੀ-ਚੁੱਕ ਸ਼ਾਇਰ ਮਿੱਤਰ ਸਰਵਣ 'ਪਾਂਧੀ' ਨੇ ਸਟੇਜ ਸਕੱਤਰੀ ਦਾ ਕੰਮ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਪਰੋਗਰਾਮ ਸ਼ੁਰੂ ਕਰ ਦਿਤਾ। ਉਸ ਕਹਿਣਾ ਸ਼ੁਰੂ ਕੀਤਾ : "ਹਾਜ਼ਰ ਸਰੋਤਾ ਗਣੋਂ ਤੇ ਸਾਹਿਤ-ਪਰੇਮੀਓ (ਹਾਲਾਂ ਕਿ ਉਥੇ ਸਾਹਿਤ ਪਰੇਮੀ ਥੋੜੇ ਸਨ ਤੇ 'ਬਾਬੀ'-ਪਰੇਮੀ ਬਹੁਤੇ) ਤੁਹਾਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਪੰਜਾਬੀ ਦੇ ਮਸ਼ਹੂਰ ਮਕਬੂਲ ਸ਼ਾਇਰ ਠਾਕਰ 'ਮਾਹੀ' ਅਜ ਦੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਹਨ। ਇਸ ਸਮਾਗਮ ਵਿਚ ਐਸ ਵੇਲੇ ਤਕ ਗੁਰਮੁਖ 'ਗੜਵਈ', ਸੁੰਦਰ 'ਕੋਹਜਪੁਰੀ', ਬੂਟਾ ਸਿੰਘ ਸਹਿਪੀੜ' ਅਤੇ ਸੋਹਣ ਸਿੰਘ ਕਹਿਰ ਜਹੇ ਚੋਟੀ ਦੇ ਕਵੀਆਂ ਤੋਂ ਬਿਨਾਂ (ਉਹਨਾਂ ਟਕੇ ਸੇਰ ਵਿਕਦੇ ਕਵੀਆਂ ਦਾ ਨਾਮ ਲੈਣਾ ਮੁਨਾਸਬ ਨਹੀਂ ਸੀ ਸਮਝਿਆ ਸ਼ਾਇਦ) ਮਸ਼ਹੂਰ ਰੇਡੀਓ ਸਿੰਗਰ ਰਵਿੰਦਰ 'ਬਾਬੀ' ਆਏ ਹੋਏ ਨੇ। ਇਸ ਤੋਂ ਪਹਿਲਾਂ ਕਿ 'ਬਾਬੀ' ਜੀ ਤੁਹਾਨੂੰ ਇਕ ਦੇਸ਼ ਪਿਆਰ ਦਾ ਗੀਤ ਸੁਣਾਉਣ, ਮੈਂ 'ਸਹਿਪੀੜ' ਜੀ ਨੂੰ ਕਹਾਂਗਾ ਕਿ ਉਹ ਅਜ ਦੇ ਮੁਅੱਜ਼ਜ਼ ਪਰਧਾਨ ਸ੍ਰੀ ਖੜਗ ਸਿੰਘ 'ਖੁੰਢ' ਜੀ ਨੂੰ ਹਾਰ ਪਹਿਨਾਉਣ।

ਹਾਰ ਪਹਿਨਾਉਣ ਦੀ ਰਸਮ ਉਹਨਾਂ ਕਾਹਲੀ ਕਾਹਲੀ ਅਦਾ ਕੀਤੀ ਕਿਉਂਕਿ ਉਹ ਰੇਡੀਓ ਸਿੰਗਰ ਨੂੰ ਸੁਣਨਾ ਚਾਹੁੰਦੇ ਸਨ। ਪਤਲੀ ਪਤੰਗ ਜਹੀ ਕੁੜੀ, ਜਿਸ ਨੇ ਗੁਲਾਬੀ ਰੰਗ ਦਾ ਜੰਪਰ ਤੇ ਕਾਲੇ ਰੰਗ ਦੀ ਸਲਵਾਰ ਪਾਈ ਹੋਈ ਸੀ, ਗੂੜ੍ਹਾ ਮੇਕ-ਅੱਪ ਕੀਤਾ ਹੋਇਆ ਸੀ ਤੇ 'ਬਿਨਾਕਾ' ਟੁੱਥਪੇਸਟ ਦੇ ਇਸ਼ਤਿਹਾਰ ਵਾਂਗ ਦੰਦ ਕੱਢ ਰਹੀ ਸੀ, ਸਟੇਜ ਤੇ ਆ ਖੜੀ ਹੋਈ। ਉਸ ਨੇ ਬਕੌਲ ਸਟੇਜ ਸਕੱਤਰ ਦੇਸ਼ ਪਿਆਰ ਦਾ ਗੀਤ ਸੁਣਾਉਣਾ ਸ਼ੁਰੂ ਕਰ ਦਿਤਾ :

ਮੇਰੇ ਕੋਠੇ ਉਤੇ ਬੋਲਦਾ ਏ ਕਾਂ, ਹਾਣੀਆਂ
ਤੈਥੋਂ ਜਿੰਦੜੀ ਨੂੰ ਘੋਲ ਘੁਮਾਂ ਹਾਣੀਆਂ।
ਖੇਤਾਂ ਦੀਆਂ ਵੱਟਾਂ ਉਤੇ ਫਿਰਾਂ ਡੋਲਦੀ
ਮਾਰਦੇਂ ਖੰਘੂਰਾ ਜਦੋਂ ਲੰਘੇਂ ਕੋਲ ਦੀ
ਕਾਹਨੂੰ ਹੋ ਗਿਆ ਏ ਤੈਨੂੰ ਗੁਮਾਂ ਹਾਣੀਆਂ
ਜਿੰਦੜੀ ਨੂੰ ਘੋਲ.........
ਮਾਰਨਾ ਖੰਘੂਰਾ ਨਹੀਂ ਗੱਲ ਦੇਸ਼ ਪਿਆਰ ਦੀ,
ਚਿਤਾ ਵਿਚ ਸੜ ਜਾਵਾਂ ਮੈਂ ਵੀ ਮੋੜ੍ਹੇ ਯਾਰ ਦੀ।
ਹੋਈ ਏਹੋ ਜਹੀ ਕਮਲੀ ਮੈਂ ਹਾਂ ਹਾਣੀਆਂ
ਜਿੰਦੜੀ ਨੂੰ ਘੋਲ ਘੁਮਾਂ.........

ਜਦੋਂ ਵੀ ਬੀਬੀ 'ਬਾਬੀ' ਸੁਰਮੇ ਦਾਨੀ ਵਾਂਗ ਸੁਰਮੇ ਨਾਲ ਭਰੀਆਂ ਅੱਖਾਂ ਨੂੰ ਮਟਕਾ ਕੇ ਤੇ ਤਿਰਛੀ ਨਜ਼ਰ ਕਰਕੇ ਕਹਿੰਦੀ : "ਜਿੰਦੜੀ ਮੈਂ ਘੋਲ ਘੁਮਾਂ"......ਤਾਂ ਲੋਕ ਉਛਲ ਉਛਲ ਪੈਂਦੇ। ਮਨ ਨੂੰ ਰਤਾ ਕੁ ਧਰਵਾਸ ਬੱਝਾ ਕਿ ਪਰੋਗਰਾਮ ਫੇਲ੍ਹ ਨਹੀਂ ਹੋਣ ਲਗਾ ਤੇ ਜੁੱਤੀਆਂ ਪੈਣ ਦਾ ਕੋਈ ਚਾਂਸ ਨਹੀਂ ਲਗਦਾ। (ਇਹ ਗੱਲ ਵੱਖਰੀ ਹੈ ਕਿ ਮਗਰੋਂ ਪੈ ਗਈਆਂ)।

'ਪਾਂਧੀ' ਸਾਹਿਬ ਨੇ ਪੰਜਾਬੀ ਦੇ ਮਸ਼ਹੂਰ ਗਜ਼ਲਗੋ 'ਸਹਿਪੀੜ' ਸਾਹਿਬ ਨੂੰ ਸਟੇਜ ਤੇ ਸੱਦਿਆ। ਜਿੰਨਾ ਲੰਬਾ ਓਨਾ ਹੀ ਚੌੜਾ, ਠਿੱਬੀ ਜਹੀ ਪੱਗ ਅਤੇ ਵਸਮੇਂ ਲਗੀ ਦਾਹੜੀ। ਸ਼ਕਲ ਇਵੇਂ ਜਿਵੇਂ ਜਾਂ ਤਾਂ ਸੁੱਤਾ ਉਠਿਆ ਹੋਵੇ ਤੇ ਜਾਂ ਫਿਰ ਭੰਗ ਦੇ ਨਸ਼ੇ ਵਿਚ ਤੁੱਤ ਆ ਗਈ ਹੋਵੇ। ਖੱਦਰ ਦੀ ਵਾਸਕਟ ਵਿਚੋਂ ਦੀਵਾਨ ਕੱਢ ਕੇ ਹੱਥ ਵਿਚ ਲੈਂਦਾ ਹੋਇਆ ਉਹ ਏਨੇ ਹੌਲੀ ਹੌਲੀ ਪੈਰ ਪੁੱਟਦਾ ਸਟੇਜ ਤੇ ਆਇਆ ਜਿਵੇਂ ਸਾਰੀ ਦੁਨੀਆਂ ਦਾ ਟਾਈਮ ਉਹਦੇ ਕੋਲ ਹੀ ਹੋਵੇ। ਮਾਈਕ ਨੂੰ ਹੱਥ ਲਾ, ਖੰਘੂਰਾ ਮਾਰ ਕੇ ਗਜ਼ਲ ਸ਼ੁਰੂ ਕੀਤੀ :

ਵਧ ਰਿਹਾ ਹੈ ਰੋਗ ਜਿਹਾ,
ਫੈਲ ਰਿਹਾ ਹੈ ਸੋਗ ਜਿਹਾ।
ਕਰੋ ਕੋਈ ਦਾਰੂ ਦਰਮਲ,
ਮੇਲੋ ਹੁਣ ਸੰਜੋਗ ਜਿਹਾ।
ਸਾਕੀ ਸਾਨੂੰ ਵੀ ਦੇ ਦੇ
ਪਾ ਨਾ ਦੇ ਹੁਣ ਢੌਂਗ ਜਿਹਾ
ਸ਼ੇਖ ਵੀ ਰਿੰਦ ਨਾਂ ਆ ਰਲਿਆਂ
ਕਿੰਨਾ ਹੈ ਸੰਜੋਗ ਜਿਹਾ।

ਲਗਦਾ ਸੀ ਉਹ ਸਰੋਤਿਆਂ ਦੇ ਸਬਰ ਦਾ ਇਮਤਿਹਾਨ ਲੈ ਰਿਹਾ ਸੀ। ਪਰ ਭਾਰਤੀ ਲੋਕਾਂ ਵਿਚ ਸਬਰ ਬਹੁਤ ਹੈ। ਉਨ੍ਹਾਂ ਨੂੰ ਕੋਈ ਚੰਗੀ ਗੱਲ ਦਾ ਲਾਰਾ ਲਾ ਦਿਓ, ਭਾਵੇਂ ਉਹ ਅਗਲੇ ਜਨਮ ਦੀ ਹੀ ਕਿਉਂ ਨਾ ਹੋਵੇ. ਉਹ ਘਰ-ਘਾਟ, ਕੁੱਲੀ ਜੁੱਲੀ ਸਭ ਵੇਚ ਕੇ ਤੁਹਾਡੇ ਪੈਰਾਂ ਵਿਚ ਲਿਆ ਵਿਛਾਉਣਗੇ ਤੇ ਸਾਰੀ ਉਮਰ ਸਬਰ ਕਰ ਕੇ ਬੈਠੇ ਰਹਿਣਗੇ। ਇਸ ਲਈ ਉਨ੍ਹਾਂ 'ਸਹਿਪੀੜ' ਦੀਆਂ ਪੰਦਰਾਂ ਗਜ਼ਲਾਂ ਸੁਣੀਆਂ। ਹਟ ਤਾਂ ਉਹ ਦੱਸ ਕੁ ਗਜ਼ਲਾਂ ਤੋਂ ਬਾਦ ਹੀ ਚਲਿਆ ਸੀ, ਪਰ ਕਵੀ ਸਾਥੀਆਂ ਵਿਚੋਂ ਕਿਸੇ ਦੇ ਇਹ ਕਹਿਣ ਤੇ ਕਿ 'ਸਹਿਪੀੜ ਜੀ, ਹੁਣ ਸਿਰਪੀੜ ਕਰ ਕੇ ਹੀ ਹਟੋਗੇ?' 'ਉਹ ਚਿੜ੍ਹ' ਗਿਆ ਤੇ ਪੰਜ ਗਜ਼ਲਾਂ ਹੋਰ ਸੁਣਾ ਕਿਆ।



Namdhari Elibrary NamdhariElibrary@gmail.com

ਫੇਰ ਗੁਰਮੁਖ 'ਗੜਵਈ' ਦੇ ਨਾਮ ਦਾ ਐਲਾਨ ਕੀਤਾ। ਲੰਬੇ ਲੰਬੇ ਡਗ ਭਰਦਾ ਹੋਇਆ ਤੇ ਚੂਹੇ ਤੋਂ ਡਰੀ ਹੋਈ ਬਹਾਦਰ ਮੁਟਿਆਰ ਵਾਂਗ ਆਸੇ ਪਾਸੇ ਦੇਖਦਾ ਹੋਇਆ ਉੱਚਾ ਲੰਬਾ, ਬੇਡੌਲ ਜਿਹਾ ਬੰਦਾ ਜਿਹਾ ਸਟੇਜ ਤੇ ਆ ਖੜਿਆ। ਜਦੋਂ ਬੋਲਿਆ ਤਾਂ ਸਚਮੁਚ ਇੰਜ ਲਗਾ ਜਿਵੇਂ ਗੜਵੀ ਵਿਚ ਰੋੜ ਪਾ ਕੇ ਖੜਕਾਏ ਜਾ ਰਹੇ ਹੋਣ। ਉਸ ਨੇ ਬੋਲਣਾ ਸ਼ੁਰੂ ਕੀਤਾ !" ਮੈਂ ਇਥੇ ਇਕ ਪ੍ਰਯੋਗਵਾਦੀ ਕਵਿਤਾ ਸੁਣਾ ਰਿਹਾ ਹਾਂ, ਜਿਸ ਦੇ ਅਰਥ ਹਰ ਕੋਈ ਆਪੋ ਆਪਣੇ ਕੱਢ ਸਕਦਾ ਹੈ। ਅਰਜ਼ ਕੀਤਾ ਹੈ :"

ਆਸਮਾਨ ਸਾਫ਼ ਹੈ
ਛਮ ਛਮ ਮੀਂਹ ਪੈ ਰਿਹਾ ਹੈ
ਤੇ ਉਹ ਬੰਬਈ ਸ਼ਹਿਰ ਦੀਆਂ
ਸੁੱਕੀਆਂ ਸੜਕਾਂ ਤੇ ਚੱਕਰ ਕਟਦਾ ਹੈ
ਉਹ ਸਵੇਰੇ ਦਫਤਰ ਜਾਂਦਾ ਹੈ !"
ਪਿਛੇ ਉਹਦੀਆਂ ਭੇਡਾਂ ਉੱਧਲ ਗਈਆਂ ਨੇ।
ਉਹ ਹੁਣ ਕੀਹਦੀ ਮਾਂ ਨੂੰ ਮਾਸੀ ਆਖੇਗਾ।

ਤੇ ਉਹ ਜਿਵੇਂ ਆਇਆ ਸੀ, ਓਵੇਂ ਹੀ ਸਟੇਜ ਤੋਂ ਹੇਠਾਂ ਉਤਰ ਗਿਆ। ਇੰਜ ਉਹ ਕਵੀ ਸੱਜਣਾਂ ਨੂੰ ਵੀ ਹੈਰਾਨ ਕਰ ਗਿਆ ਤੇ ਸਰੋਤਿਆਂ ਨੂੰ ਵੀ। ਉਹ ਸੋਚਦੇ ਰਹੇ ਹੋਣੇ ਨੇ ਕਿ ਇਸਦਾ ਕੀ ਅਰਥ ਹੈ ?

ਹੁਣ ਆਪਣੇ ਇਕ ਮਿੱਤਰ ਦੀ ਵਾਰੀ ਆਈ। ਇਸ ਨੂੰ ਕਿਹਾ ਗਿਆ ਸੀ ਕਿ ਉਹ ਠਾਕੁਰ ਮਾਹੀ, ਉਰਫ ਪ੍ਰਧਾਨ ਜੀ ਤੇ ਇਕ ਕਸੀਦਾ ਲਿਖੇ। ਆਖਰ ਯਾਰਾਂ ਨੇ ਹੀ ਯਾਰਾਂ ਦੇ ਕੰਮ ਆਉਣਾ ਹੋਇਆ। ਚਿੱਟਾ ਕੁਰਤਾ ਪਜਾਮਾ ਪਾਈ ਤੇ ਅੱਖਾਂ ਉਤੇ ਯਾਰਾਂ ਨੰਬਰ ਦੀ ਐਨਕ ਲਾਈ ਸੁੰਦਰ 'ਕੋਹਜਪੁਰੀ' ਨੇ ਅਪਣਾ ਕਲਾਮ ਸ਼ੁਰੂ ਕੀਤਾ :

"ਬੜਾ ਹੀ ਸੁੰਦਰ ਯਾਰੋ ਫੁੱਲ ਹੈ ਗੁਲਾਬ ਦਾ।
ਕਿੰਨਾ ਹੈ ਪੈ ਰਿਹਾ ਅਜ ਰੋਬ੍ਹ ਜਨਾਬ ਦਾ
ਮਸਤਕ ਤੋਂ ਡੁਲ੍ਹ ਪਿਆ ਨੂਰਾਨੀ ਨੂਰ ਏ
ਚਰਨਾਂ ਵਿਚ ਜਾਪੇ ਬੈਠੀ ਹੋਈ ਕੋਈ ਹੂਰ ਏ
ਨਜ਼ਰਾਂ ਹੀ ਨਜ਼ਰਾਂ 'ਚ ਰਮਜ਼ਾਂ ਨਾ ਪਾਓ ਜੀ,
ਬੋਲ ਕੇ ਦਸੋ, ਅਤੇ ਉੱਚੀ ਫੁਰਮਾਓ ਜੀ।
ਸਾਡਾ ਪ੍ਰਧਾਨ ਯਾਰੋ ਬੜਾ ਦਿਲਦਾਰ ਹੈ
ਏਹਦੇ ਵਲੋਂ ਅਜ ਪੂਰੀ ਬੋਤਲ ਤਿਆਰ ਹੈ।
ਕੋਹਜਪੁਰੀ ਇਹ ਬੜਾ ਹੀ ਭਾਗਾਂ ਵਾਲਾ ਏ
ਠਾਕਰ 'ਮਾਹੀ' ਲਗਦਾ ਨਾਦੂ ਖਾਂ ਦਾ ਸਾਲਾ ਏ।

ਚਾਰੇ ਪਾਸੇ ਵਾਹ ਵਾਹ ਹੋ ਗਈ ਤੇ ਮੈਂ ਹੋਰ ਵਧੇਰੇ ਚੌੜਾ ਜਿਹਾ ਹੋ ਗਿਆ। ਮੈਨੂੰ ਲਗਾ ਜਿਵੇਂ ਮੈਂ ਸਚਮੁਚ ਹੀ ਨਾਦੂ ਖਾਂ ਦਾ ਸਾਲਾ ਹਾਂ।

ਸਰਵਣ 'ਪਾਂਧੀ' ਲੋਕਾਂ ਦੀਆਂ ਗਜ਼ਲਾਂ ਦੇ ਸ਼ੇਅਰ ਚੋਰੀ ਕਰਕੇ ਲਿਖਣ ਵਿਚ ਮਾਹਰ ਹੈ। ਕਈ ਵਾਰ ਤਾਂ ਇੰਜ ਵੀ ਹੋਇਆ ਹੈ ਕਿ ਉਸ ਨੇ ਗ਼ਾਲਬ, ਮੀਰ, ਜ਼ੌਕ ਜਾਂ ਫ਼ਿਰਾਕ ਦੀਆਂ ਗਜ਼ਲਾਂ ਦੇ ਸ਼ੇਅਰ ਹੀ ਪੰਜਾਬੀ ਵਿਚ ਆਪਣੇ ਨਾਂਅ ਹੇਠ ਛਪਵਾ ਲਏ। ਉਸ ਨੇ ਸਟੇਜ ਸਕੱਤਰੀ ਦੀ ਦੁਰਵਰਤੋਂ ਕਰਦੇ ਹੋਈ ਆਪਣੀਆਂ ਚੋਰੀ ਕੀਤੀਆਂ ਪੰਜ ਸੱਤ ਗਜ਼ਲਾਂ ਮੱਲੋ-ਜ਼ੋਰੀ ਸੁਣਾ ਦਿਤੀਆਂ।

ਤੇ ਫੇਰ ਸਮਾਗਮ ਦੀ ਸਭ ਤੋਂ ਵੱਡੀ ਤੇ ਅਹਿਮ ਗੱਲ ਹੋਣੀ ਸੀ। ਇਹ ਹੋਣੀ ਸੀ ਸਮਾਗਮ ਦੇ ਪ੍ਰਧਾਨ ਠਾਕੁਰ 'ਮਾਹੀ' ਦੀ ਤਕਰੀਰ ਅਤੇ ਗ਼ਜ਼ਲ। ਸਟੇਜ ਸਕੱਤਰ ਨੇ ਐਲਾਨ ਕੀਤਾ : "ਹੁਣ ਸਾਡੇ ਪਿਆਰੇ, ਅੱਖਾਂ ਦੇ ਤਾਰੇ, ਸਦਾ ਕੁਆਰੇ, ਕਰਮਾਂ ਮਾਰੇ ਪ੍ਰਧਾਨ ਸ੍ਰੀ ਠਾਕਰ 'ਮਾਹੀ' ਜੀ ਤਕਰੀਰ ਕਰਨਗੇ। ਪਰ ਮੈਂ ਸਰੋਤੇ ਸੱਜਣਾਂ ਨੂੰ ਅਪੀਲ ਕਰਾਂਗਾ ਕਿ ਉਹ ਧੀਰਜ ਨਾਲ ਤਕਰੀਰ ਸੁਣਨ। ਉਸ ਤੋਂ ਬਾਦ ਰੇਡੀਓ ਆਰਟਿਸਟ 'ਬਾਬੀ' ਗੀਤ ਸੁਣਾਉਣਗੇ।"

ਜਦੋਂ ਪ੍ਰਧਾਨ ਸਾਹਿਬ ਅਰਥਾਤ ਜਨਾਬੇ—ਮੈਂ ਤਕਰੀਰ ਕਰਨ ਉਠਿਆ ਤਾਂ ਤਾਲੀਆਂ ਤਾਂ ਦੂਰ ਕਿਸੇ ਨੇ ਦੁਤ ਫਿਟੇ ਮੂੰਹ ਵੀ ਨਹੀਂ ਕਿਹਾ। ਹਾਂ ਹਾਲ ਦੇ ਮਗਰਲੇ ਪਾਸਿਓਂ ਪੀਪਨੀ ਵੱਜਣ ਦੀ ਆਵਾਜ਼ ਆਈ। ਮੈਂ ਮਾਈਕ ਨੂੰ ਹੱਥ ਲਾ ਕੇ ਤਕਰੀਰ ਸ਼ੁਰੂ ਕੀਤੀ : ਪਿਆਰੇ ਸੱਜਣੋ,...ਓਏ ਤੁਹਾਡਾ ਬੇੜਾ ਗਰਕ ਹੋ ਜਾਏ।" (ਅਚਾਨਕ ਕਰੰਟ ਲਗ ਗਿਆ ਸੀ। ਮੈਂ ਸੋਚਿਆ ਹੁਣ ਵੀ ਜੁੱਤੀਆਂ ਪਈਆਂ ਕਿ ਪਈਆਂ। ਪਰ 'ਬਾਬੀ' ਨੂੰ ਸੁਣਨ ਦੇ ਲਾਲਚ ਕਾਰਨ ਦਰਸ਼ਕ ਬੈਠੇ ਰਹੇ। ਮੈਂ ਜਿਹੜੀ ਤਕਰੀਰ ਤਿਆਰ ਕੀਤੀ ਸੀ, ਉਹ ਅੱਧ-ਪਚੱਧੀ ਭੁੱਲ ਗਈ। ਤੇ ਬਾਕੀ ਦੀ ਅੱਧ ਪਚੱਧੀ ਉਘੜ ਦੁਘੜੇ ਢੰਗ ਨਾਲ ਕਰ ਦਿਤੀ।

ਸਮਾਗਮ ਸਮਾਪਤ ਹੋ ਗਿਆ ਤਾਂ ਲੋਕਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ : "ਬਾਬੀ ਨੂੰ ਬੁਲਾਓ। ਬਾਬੀ ਨੂੰ ਬੁਲਾਓ।" ਪਰ ਬਾਬੀ ਦਾ ਲਾਰਾ ਤਾਂ ਸਿਰਫ਼ ਪ੍ਰਧਾਨਗੀ ਭਾਸ਼ਣ ਤਕ ਉਨ੍ਹਾਂ ਨੂੰ ਬਿਠਾਈ ਰਖਣ ਲਈ ਲਾਇਆ ਗਿਆ ਸੀ।

ਤੇ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ 'ਬਾਬੀ' ਚਲੇ ਗਈ ਤਾਂ ਉਨ੍ਹਾਂ ਗਲੇ ਸੜੇ ਆਂਡਿਆਂ, ਟਮਾਟਰਾਂ ਵਗੈਰਾ ਦੀ ਵਰਖਾ ਸ਼ੁਰੂ ਕਰ ਦਿਤੀ। (ਸ਼ਾਇਦ ਉਨਾਂ ਨੂੰ ਪਹਿਲ੍ਹਾਂ ਹੀ ਇਸ ਗੱਲ ਦਾ ਪਤਾ ਸੀ) ਅਜੇ ਸਮਝ ਵੀ ਨਹੀਂ ਸੀ ਆਈ ਕਿ ਕੀ ਹੋ ਗਿਆ ਕਿ ਜਨਾਬ ਪ੍ਰਧਾਨ ਦੇ ਮੂੰਹ ਉਤੇ ਇਕ ਅੰਨੇ ਦੀ ਹਿੱਕ ਵਰਗਾ ਛਿੱਤਰ ਆ ਪਿਆ। ਉਹ ਛਿੱਤਰ ਤਾਂ ਚੁਕ ਕੇ ਬਗਲ ਵਿਚ ਦੇ ਲਿਆ ਅਤੇ ਪਰ ਉਸ ਦੇ ਨਾਲ ਦਾ ਪੈਰ ਲੱਭਣ ਲਈ ਮੇਰੇ ਯਤਨਾਂ ਦਾ ਸਿੱਟਾ ਇਹ ਨਿਕਲਿਆ ਕਿ ਮੈਨੂੰ ਪੰਦਰਾਂ ਦਿਨ ਹਸਪਤਾਲ ਵਿਚ ਕੱਟਣੇ ਪਏ।

ਹੁਣ ਮੈਂ ਹਰ ਰੋਜ਼ ਬਜ਼ਾਰ ਵਿਚ ਦੇਖਦਾ ਹਾਂ ਕਿ ਕਿਹੜਾ ਬੰਦਾ ਉਸ ਨਾਲ ਦੀ ਚੱਪਲ ਪਾ ਕੇ ਤੁਰਿਆ ਜਾਂਦਾ ਹੈ—ਇਹ ਭਾਲ ਜਾਰੀ ਹੈ।



Namdhari Elibrary NamdhariElibrary@gmail.com

ਜਲੰਧਰ ਵਿਚ

# ਇਕ ਸਾਹਿਤਕ ਸ਼ਾਮ

—ਜਗਦੀਸ਼ ਸਿੰਘ

ਜਲੰਧਰ ਵਿਚ ਇਕ ਵਾਰ ਫੇਰ ਹਵਾ ਰੁਮਕੀ ਹੈ। ਇਕ ਵਾਰ ਫੇਰ ਏਥੇ ਦੀ ਸਾਹਿਤਕ ਫਜ਼ਾ ਵਿਚ ਸਰਗਰਮੀ ਨਜ਼ਰ ਆਈ ਹੈ ਅਤੇ ਇੰਜ ਲਗਦਾ ਹੈ ਜਿਵੇਂ ਇਸ ਸ਼ਹਿਰ ਦੀ ਸਾਹਿਤਕ ਧੜਕਣ ਦੁਬਾਰਾ ਧੜਕਣ ਲਗ ਪਈ ਹੈ। ਪਿਛਲੇ ਕੁਝ ਸਾਲਾਂ ਦੀ ਬੇਹਰਕਤੀ, ਨਿਸਲ ਪੁਣਾ ਖਤਮ ਹੋ ਗਿਆ ਹੈ ਤੇ ਉਸਦੀ ਥਾਂ ਨਿੱਘਾ ਜੋਸ਼ ਹੁਲਾਰੇ ਮਾਰ ਰਿਹਾ ਹੈ।

ਪੰਜਾਬੀ ਲੇਖਕ ਸਭਾ ਦੀ ਪਹਿਲੀ ਹੀ ਗੋਸ਼ਟੀ ਜਿਹੜੀ ਪੰਜਾਬੀ ਵਿਚ ਰਿਵੀਊ ਬਾਰੇ ਸੀ ਦਾ ਸਾਹਿਤਕ ਖੇਤਰਾਂ ਵਿਚ ਨੋਟਿਸ ਲਿਆ ਗਿਆ ਹੈ। 'ਦ੍ਰਿਸ਼ਟੀ' ਨੇ ਇਸ ਕੰਮ ਲਈ ਸਫੇ ਰਖੇ ਹਨ। ਆਰਸੀ ਨੇ ਬਾਕਾਇਦਾ ਐਲਾਨ ਕੀਤਾ ਹੈ ਅਤੇ ਨਵਾਂ ਜ਼ਮਾਨਾ ਵਿਚ ਵੀ ਸ਼ੁਰੂਆਤ ਹੋ ਗਈ ਹੈ।

ਅੰਤਕਾਂ 8 ਅਗਸਤ ਦੀ ਮੀਟਿੰਗ ਰਖੀ ਤਾਂ ਗਈ ਸੀ ਕੈਨੇਡਾ ਵਿਚ ਵਿਡ ਭੁਲਸੇ ਦੋ ਆਹਰ ਵਿਚ ਗਏ। "ਪ੍ਰਯੋਗ-ਵਾਦੀ ਕਾਵਿਧਾਰਾ' ਦੇ ਮੋਢੀ ਸਵਾਰਾਂ ਵਿਚੋਂ ਇਕ, ਰਾਵਿੰਦਰ ਰਵੀ ਨਾਲ ਮਿਲ ਬਹਿਣ ਲਈ ਪਰ ਇਸ ਵਿਚ ਦਰਸ਼ਨ ਗਿੱਲ ਦੇ ਵੀ ਸ਼ਾਮਲ ਹੋ ਜਾਣ ਨਾਲ ਅਤੇ ਮਸ਼ਹੂਰ ਹਾਸ ਰਸ ਲੇਖਕ ਸੂਬਾ ਸਿੰਘ ਦੇ ਉਚੇਚੇ ਤੌਰ ਤੇ ਸ਼ਾਮਲ ਹੋਣ ਨਾਲ ਫਿਜ਼ਾ ਦਾ ਰੰਗ ਹੋਰ ਗੂੜਾ ਹੋ ਗਿਆ। ਰਾਵਿੰਦਰ ਰਵੀ ਨਾਲ ਸ਼ਾਮ ਬਹੁਤ ਸਾਰੇ ਸਾਹਿਤਕਾਰਾਂ ਦੀ ਹੀ ਨਹੀਂ ਸਗੋਂ ਸਾਹਿਤ ਹੀ ਸ਼ਾਮ ਬਣ ਗਈ।

ਇਸ ਸਭਾ ਦੀ ਪ੍ਰਧਾਨਗੀ ਸ: ਸੂਬਾ ਸਿੰਘ ਨੇ ਕੀਤੀ ਅਤੇ ਸਟੇਜ ਸਕੱਤਰੀ ਦੇ ਫਰਜ਼ ਸਭਾ ਦੇ ਜਨਰਲ ਸਕੱਤਰ ਸ੍ਰ: ਗੁਰਬਖਸ਼ ਸਿੰਘ ਬੰਨੂਆਣਾ ਨੇ ਆਪਣੇ ਨਵੇਕਲੇ ਅੰਦਾਜ਼ ਵਿਚ ਨਿਭਾਏ ਅਤੇ ਸ਼ੁਰੂਆਤ ਸੰਗੀਤ ਦੁਆਰਾ, ਸ: ਨਾਨਕ ਸਿੰਘ ਨਾਵਲਕਾਰ ਦੇ ਸਪੁਤਰ ਸ੍ਰੀ ਕੰਵਲਜੀਤ ਸੂਰੀ ਨੇ ਬੰਸਰੀ ਤੇ ਇਕ ਮਧੁਰ ਧੁਣ ਵਜਾ ਕੇ ਕੀਤੀ।

ਸਭ ਤੋਂ ਪਹਿਲਾਂ ਸ: ਪ੍ਰਿਆਰਾ ਸਿੰਘ ਭੋਗਲ ਨੇ ਕੁਝ ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸਾਹਿਤਕਾਰ ਬਦੇਸ਼ਾਂ ਵਿਚ ਜਾ ਕੇ ਲਿਖਣਾ ਬੰਦ ਕਰ ਦਿੰਦੇ ਹਨ, ਪਰ ਰਵੀ ਅਤੇ ਗਿਲ ਨੇ ਬਦੇਸ਼ਾਂ ਦੇ ਅਨੁਭਵ ਰਾਹੀਂ ਆਪਣੀਆਂ ਲਿਖਤਾਂ ਵਿਚ ਵੰਨ ਸੁਵੰਨਤਾ ਲਿਆਂਦੀ ਹੈ ਅਤੇ ਪੰਜਾਬੀ ਸਾਹਿਤ ਵਿਚ ਅਮੀਰੀ ਲਿਆਂਦੀ ਹੈ। ਇਹ ਲੇਖਕ ਬਦੇਸ਼ਾਂ ਵਿਚ ਜਾਕੇ ਨਵੀਆਂ ਬਦਲਦੀਆਂ ਕੀਮਤਾਂ ਦੇ ਟਕਰਾ ਨੂੰ ਜਿਉਂਦੇ ਹਨ ਅਤੇ ਉਸ ਵਿਚੋਂ ਸਾਹਿਤ ਸਿਰਜਣਾਂ ਕਰਦੇ ਹਨ। ਰਵੀ ਆਧੁਨਿਕ ਸ਼ਹਿਰੀ ਮਨੁਖ ਦੀ ਪ੍ਰਤੀਨਿਧਤਾ ਕਰਦਾ ਹੈ ਤੇ 'ਬਹੁਤੀ ਵਾਰੀ ਵਿਅਕਤੀ ਵਾਦੀ ਰਚਨਾ ਕਰਦਾ ਹੈ। ਉਸ ਦੀ ਸ਼ਾਇਰੀ ਵਿਚ ਇਕ ਦੁਬਿਧਾ ਹੈ, ਇਕ ਦਵੰਦ ਹੈ, ਜਿਸ ਤੋਂ ਉਹ ਹਾਲੇ ਛੁਟਕਾਰਾ ਨਹੀਂ ਪਾ ਸਕਿਆ। ਉਹ ਹਾਲੇ ਸੋਧ ਅਤੇ ਸ਼ੈਲੀ ਦੀ ਤਲਾਸ਼ ਵਿਚ ਭਟਕ ਰਿਹਾ ਹੈ।

'ਦ੍ਰਿਸ਼ਟੀ' ਜਿਥੇ ਇਹ ਸ਼ਾਮ ਮਨਾਈ ਗਈ ਦੇ ਸੰਪਾਦਕ ਸ੍ਰੀ ਬਰਜਿੰਦਰ ਨੇ ਦਰਸ਼ਨ ਗਿਲ ਦੀ ਜਾਨ ਪਹਿਚਾਣ ਕਰ ਵਾਈ ਅਤੇ ਕਿਹਾ ਕਿ ਉਸਦੀ ਕਵਿਤਾ ਵਿਚ ਡੂੰਘਾਈ ਅਤੇ ਤੀਖਣਤਾ ਹੈ ਅਤੇ ਉਸਦੀ ਕਵਿਤਾ ਕਿਸੇ ਵਿਅਕਤੀ ਲਈ ਹੁੰਦੀ ਹੋਈ ਵੀ ਪੂਰੇ ਸਮੂੰਹ ਦੀ ਕਵਿਤਾ ਹੋ ਨਿਬੜਦੀ ਹੈ।



Namdhari Elibrary NamdhariElibrary@gmail.com

ਰਵਿੰਦਰ ਰਵੀ ਦੀਆਂ ਵੀਹ ਦੇ ਕਰੀਬ ਕਿਤਾਬਾਂ ਛਪ ਚੁਕੀਆਂ ਹਨ ਅਤੇ ਹੋਰ ਧੜਾ ਧੜ ਲਿਖ ਰਿਹਾ ਹੈ ਅਤੇ ਨਵੇਂ ਤੋਂ ਨਵੇਂ ਰੂਪ ਅਪਣਾ ਰਿਹਾ ਹੈ। ਪ੍ਰਯੋਗਵਾਦ ਦੇ ਮੋਢੀਆਂ ਵਿਚੋਂ ਇਕ ਹੈ।

ਫੇਰ ਰਾਵਿੰਦਰ ਰਵੀ ਨੂੰ ਬੋਲਣ ਲਈ ਕਿਹਾ ਗਿਆ। ਉਸਦੀ ਗੱਲਬਾਤ ਤੋਂ ਇਹ ਸਾਫ ਨਜ਼ਰ ਆਉਂਦਾ ਸੀ ਕਿ ਉਹ ਪ੍ਰਯੋਗਵਾਦ ਨੂੰ ਤਲਾਂਜਲੀ ਦੇ ਚੁਕਾ ਹੈ ਪਰ ਹਾਲੇ ਉਹ ਆਪਣੀ ਭਟਕਣ ਦਾ ਰਾਹ ਨਹੀਂ ਲਭ ਸਕਿਆ। ਉਸ ਨੇ ਕਿਹਾ ਕਿ ਲੰਬੇ ਪ੍ਰਦੇਸ ਭ੍ਰਮਣ ਨੇ ਉਸ ਨੂੰ ਇਹ ਗਲ ਮਹਿਸੂਸ ਕਰਵਾ ਦਿਤੀ ਹੈ ਕਿ ਸਮਾਜਵਾਦ ਹੀ ਇਕੋ ਇਕ ਸਹੀ ਰਾਹ ਹੈ ਅਤੇ ਸਮਾਜਵਾਦ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਦੀ ਸੁਖਾਵੀਂ ਜ਼ਿੰਦਗੀ ਦਾ ਕਿਆਸ ਨਹੀਂ ਕੀਤਾ ਜਾ ਸਕਦਾ। ਸਮਾਜਵਾਦ ਹੀ ਸਮੁਚੀ ਮਨੁਖਤਾ ਦੇ ਕਲਿਆਣ ਦਾ ਇਕੋ ਇਕ ਉਤਰ ਹੈ। ਰਵੀ ਨੇ ਦਸਿਆ ਕਿ ਪਛਮੀ ਲੋਕ ਵੀ ਇਹ ਗਲ ਮੰਨਦੇ ਹਨ ਕਿ ਹਰ ਪੂੰਜੀਵਾਦੀ ਦੇਸ਼ ਵਿਚ ਸਮਾਜਵਾਦ ਆ ਕੇ ਰਹਿਣਾ ਹੈ। ਪਰ ਹਾਲੇ ਉਹ ਆਪਣੇ ਲਈ ਜੀਵਨ ਸ਼ੈਲੀ ਨਹੀਂ ਲਭ ਸਕਿਆ' ਤੇ ਹਾਲੇ ਤਲਾਸ਼ ਜਾਰੀ ਹੈ। ਉਸ 'ਦ੍ਰਿਸ਼ਟੀ' ਵਿਚ ਛੱਪੀ ਇੰਟਰਵਿਊ ਵਿਚ ਕਹੀ ਇਸ ਗਲ ਦਾ ਜ਼ਿਕਰ ਵੀ ਕੀਤਾ ਕਿ 'ਪਛਮੀ ਨਿਜ਼ਾਮ ਨੇ ਪੂੰਜੀਵਾਦ ਨੂੰ ਹਾਲੇ ਹੋਰ ਕੁਝ ਚਿਰ ਸਮਾਜਵਾਦ ਦਾ ਟਾਕਰਾ ਕਰਨ ਲਈ ਸਾਹ ਭਰ ਦਿਤੇ ਹਨ।'

ਰਵੀ ਨੇ ਕਿਹਾ ਕਿ ਇਸ ਗੱਲ ਦੇ ਨਾਲ ਨਾਲ ਇਸ ਨਿਜ਼ਾਮ ਨੇ ਮਕਾਨਕੀ ਮਨੁੱਖ ਬਣਾ ਦਿਤੇ ਹਨ ਜਿਹੜੇ ਬਿਮਾਰ ਅਤੇ ਵਿਅਕਤੀਵਾਦੀ ਹਨ।

ਦਰਸ਼ਨ ਗਿਲ ਨਿਰੋਲ ਵਿਅਕਤੀਵਾਦੀ ਹੀ ਨਹੀਂ ਸਗੋਂ ਸਮਾਜੀ-ਚੇਤਨਾ ਤੋਂ ਵੀ ਅਣਭਿਜ ਲਗਦਾ ਸੀ।

ਫੇਰ ਸਵਾਲਾਂ ਜਵਾਬਾਂ ਦਾ ਦੌਰ ਸ਼ੁਰੂ ਹੋਇਆ। ਹਿੰਦੀ ਦੇ ਕਹਾਣੀਕਾਰ ਸ੍ਰੀ ਸੁਰੇਸ਼ ਸੇਠ ਨੇ ਕਿਹਾ ਕਿ ਰਵੀ ਦੀਆਂ ਰਚਨਾਵਾਂ ਤੋਂ ਤੇ ਉਸ ਦੇ ਰਚਨ ਕ੍ਰਮ ਤੋਂ ਇਹ ਗਲ ਪ੍ਰਤੀਤ ਹੁੰਦੀ ਹੈ ਕਿ ਉਹ ਅਸੁਰਖਿਅਤ ਮਹਿਸੂਸ ਕਰਦਾ ਹੈ। ਇਕ ਪਾਸੇ ਉਹ ਪ੍ਰਯੋਗਵਾਦੀ ਹੈ ਅਤੇ ਦੂਜੇ ਪਾਸੇ ਸਮਾਜਵਾਦ ਦੀਆਂ ਗਲਾਂ ਵੀ ਕਰਦਾ ਹੈ। ਪਰ ਸਮਾਜਵਾਦ ਦੀ ਗੱਲ ਕਰਦਾ ਹੋਇਆਂ ਉਹ ਇਹ ਵੀ ਕਹਿੰਦਾ ਹੈ ਕਿ ਉਹ ਬਿਲਕੁਲ ਵਿਅਕਤੀਵਾਦੀ ਕਵਿਤਾ ਲਿਖੇਗਾ। ਇਹ ਦੋਵੇਂ ਗਲਾਂ ਆਪਾ ਵਿਰੋਧੀ ਹਨ। ਰਵੀ ਵਿਚ ਇਹ ਦਵੰਦ ਕਿਉਂ ਹੈ?

ਰਵੀ ਨੇ ਕਿਹਾ ਕਿ ਉਹ ਤੇ ਉਹਦੇ ਸਾਥੀ ਕਈ ਵਰ੍ਹੇ ਪਹਿਲਾਂ ਪ੍ਰਯੋਗਵਾਦ ਨੂੰ ਛਡ ਗਏ ਸਨ, ਹਾਲਾਂ ਕਿ ਪ੍ਰਯੋਗ ਸ਼ੀਲ ਉਹ ਅਜੇ ਵੀ ਹੈ ਪਰ ਹਾਲੇ ਉਹ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ ਹੋ ਸਕਿਆ। ਉਹਨਾਂ ਕਿਹਾ 'ਅਸੀਂ ਪ੍ਰਯੋਗਸ਼ੀਲ ਨੂੰ ਹੀ ਪ੍ਰਗਤੀਵਾਦੀ ਮੰਨਦੇ ਹਾਂ। ਬਾਹਰ ਮੁਖੀ ਪੱਧਰ ਤੇ ਰਚਨਾ ਨਹੀਂ ਹੋ ਸਕਦੀ ਤੇ ਉਹ ਸਿਰਫ ਅੰਤਰ ਮੁਖੀ ਪੱਧਰ ਤੇ ਹੀ ਹੋ ਸਕਦੀ ਹੈ।'

ਸ੍ਰੀ ਭੋਗਲ ਵਲੋਂ 'ਕੈਨੇਡਾ ਵਿਚ ਪੰਜਾਬੀ ਬਾਰੇ' ਪੁਛੇ ਗਏ ਸਵਾਲ ਦੇ ਜਵਾਬ ਵਿਚ ਰਵੀ ਨੇ ਕਿਹਾ ਕਿ ਉਥੇ ਸਰਗਰਮੀ ਤਾਂ ਹੈ ਪਰ ਇੰਗਲੈਂਡ ਦੀ ਪਧਰ ਤੇ ਨਹੀਂ। ਕੁਝ ਪਰਚੇ ਵੀ ਛਪਦੇ ਹਨ। ਸ੍ਰੀ ਈਸ਼ਰ ਸਿੰਘ ਅਟਾਰੀ ਵਲੋਂ ਪੁਛੇ ਗਏ ਸਵਾਲ ਬਾਰੇ ਰਵੀ ਨੇ ਕਿਹਾ ਕਿ ਪੰਜਾਬ ਵਿਚ ਰਹਿ ਰਹੇ ਪੰਜਾਬੀ ਲੇਖਕ ਤੇ ਬਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਲੇਖਕ ਵਿਚ ਢੇਰ ਸਾਰਾ ਫਰਕ ਹੈ। ਮਗਰਲਿਆਂ ਵਿਚ ਵਤਨ ਪਿਆਰ ਵਧੇਰੇ ਸਿਦਤ ਵਾਲਾ ਹੁੰਦਾ ਹੈ। ਇਹ ਫਰਕ ਸੰਦਰਭ ਦਾ ਹੈ। ਸਾਡੀ ਰਚਨਾ ਵਿਚ ਵਿਸ਼ਵ ਵਿਆਪੀ ਚੇਤੰਨਤਾ ਆਉਂਦੀ ਹੈ ਅਤੇ ਸਾਡੀ ਭਾਵਨਾ ਹੈ 'ਜਿਵੇਂ ਜੀਓ ਤਿਵੇਂ ਲਿਖੋ।'

ਸਭਾ ਦੇ ਪ੍ਰਧਾਨ ਡਾ: ਰੋਸ਼ਨ ਲਾਲ ਆਹੂਜਾ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਕਿਸੇ ਵੀ ਲੇਖਕ ਦੇ ਜੀਵਨ ਕਾਲ ਵਿਚ ਉਸਦਾ ਇਮੇਜ ਨਹੀਂ ਬਣ ਸਕਦਾ। ਇਹ ਗਲ ਰਵੀ ਤੇ ਵੀ ਲਾਗੂ ਹੁੰਦੀ ਹੈ। ਅਜ ਕਲ ਲਗਭਗ ਹਰ ਪੜ੍ਹੇ ਲਿਖੇ ਦੀ ਚੇਤਨਾ ਗਲੋਬਲ ਬਣ ਗਈ ਹੈ, ਇਸ ਲਈ ਵੀ ਕੋਈ ਇਮੇਜ ਨਹੀਂ ਬਣ ਸਕਦਾ।

ਸ੍ਰੀ ਬਨੂਆਣਾ ਨੇ ਕਿਹਾ ਕਿ ਸਭਾ ਦੀਆਂ ਸਰਗਰਮੀਆਂ ਦਾ ਸਾਹਿਤਕ ਖੇਤਰ ਵਿਚ ਬਹੁਤ ਨੋਟਿਸ ਲਿਆ ਗਿਆ ਹੈ। ਉਹਨਾਂ ਸ੍ਰੀ ਸੂਬਾ ਸਿੰਘ ਜਿਹੜੇ ਕਿ ਮੁਖ ਮੰਤਰੀ ਦੇ ਪ੍ਰੈਸ ਸੱਕਤਰ ਵੀ ਹਨ, ਅਗੇ ਕੁਝ ਮੰਗਾਂ ਪੇਸ਼ ਕੀਤੀਆਂ। ਪਹਿਲੀ ਮੰਗ ਇਹ ਹੈ ਕਿ ਮੁਹੱਲਿਆਂ, ਪਾਰਕਾਂ,



Namdhari Elibrary NamdhariElibrary@gmail.com

ਸੜਕਾਂ, ਸਕੂਲਾ ਤੇ ਕਾਲਜਾਂ ਦੇ ਨਾਮ ਮਸ਼ਹੂਰ ਪੰਜਾਬੀ ਲੇਖਕਾਂ ਦੇ ਨਾਵਾਂ ਤੇ ਰਖੇ ਜਾਣ। ਦੂਜੇ ਨਵੀਆਂ ਉਸਰ ਰਹੀਆ ਕਾਲੋਨੀਆਂ ਵਿਚ ਲਾਇਬਰੇਰੀ ਲਈ ਉਚੇਚੀ ਥਾਂ ਰਖੀ ਜਾਵੇ ਅਤੇ ਤੀਜੇ ਹਿੰਦ ਅਤੇ ਪਾਕਿਸਤਾਨ ਦੇ ਪੰਜਾਬੀ ਲੇਖਕਾਂ ਅਤੇ ਪਤਰਕਾਰਾਂ ਦੀ ਸਾਂਝੀ ਮਿਲਣੀ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇ।

ਸ੍ਰੀ ਸੂਬਾ ਸਿੰਘ ਨੇ ਆਪਣੇ ਵਖਰੇ ਤੇ ਹਾਸੇ ਮਖੌਲ ਵਾਲੇ ਅੰਦਾਜ਼ ਵਿਚ ਤਕਰੀਰ ਸ਼ੁਰੂ ਕੀਤੀ। ਪਹਿਲਾ ਤੋਤਾ ਉਹਨਾਂ ਸ੍ਰੀ ਬਨੇਆਣਾ ਉਤੇ ਹੀ ਝਾੜਿਆ। ਲਾਇਬਰੇਰੀਆ ਅਤੇ ਸਾਹਿਤਕਾਰਾਂ ਦੇ ਨਾਵਾਂ ਤੇ ਸੜਕਾਂ ਸਕੂਲਾਂ ਆਦਿ ਦੇ ਨਾਮ ਰਖਣ ਦੀ ਮੰਗ ਦਾ ਜ਼ਿਕਰ ਕਰਦੇ ਹੋਏ ਉਹਨਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਇਸ ਬਾਰੇ ਵਿਚਾਰ ਕਰ ਰਹੀ ਹੈ। ਉਹਨਾਂ ਜ਼ੋਰ ਦਿਤਾ ਕਿ ਲਾਇਬਰੇਰੀਆਂ ਲਈ ਕਿਤਾਬਾਂ ਦੀ ਚੋਣ ਲਈ ਅਤੇ ਦੂਜੇ ਕੰਮਾਂ ਲਈ ਲੇਖਕ ਸਭਾਵਾਂ ਇਕ ਕਮੇਟੀ ਕਾਇਮ ਕਰ ਲੈਣ ਜਿਹੜੀ ਇਹਨਾਂ ਮਸਲਿਆਂ ਬਾਰੇ ਸਰਕਾਰ ਨੂੰ ਮਸ਼ਵਰਾ ਦੇਵੇ ਕਿਉਂਕਿ ਅਜ ਕਲ ਬੇਹੂਦਾ ਤੇ ਘਟੀਆ ਪੁਸਤਕਾਂ ਵੀ ਲਾਇਬਰੇਰੀਆਂ ਅਤੇ ਸਕੂਲਾਂ ਵਿਚ ਜਾ ਰਹੀਆਂ ਹਨ।

ਹਿੰਦ ਤੇ ਪਾਕਿਸਤਾਨ ਦੇ ਪੰਜਾਬੀ ਲੇਖਕਾਂ ਤੇ ਪਤਰਕਾਰਾਂ ਦੀ ਮਿਲਣੀ ਦੀ ਮੰਗ ਦਾ ਜ਼ਿਕਰ ਕਰਦੇ ਹੋਏ ਉਹਨਾਂ ਕਿਹਾ ਕਿ ਹਾਲੇ ਹਾਲਾਤ ਏਨੇ ਸਾਜ਼ਗਾਰ ਨਹੀਂ ਹੋਏ ਕਿ ਅਜਿਹੀ ਕੋਈ ਮਿਲਣੀ ਹੋ ਸਕੇ। ਜਿਉਂ ਹੀ ਸਥਿਤੀ ਸੁਧਰੇਗੀ ਉਹ ਹਰ ਸੰਭਵ ਯਤਨ ਕਰਨਗੇ ਕਿ ਅਜਿਹੀ ਮਿਲਣੀ ਹੋ ਸਕੇ।

ਮੀਟਿੰਗ ਵਿਚ ਜਿਹੜੇ ਸੱਜਨ ਤੇ ਸਾਹਿਤਕਾਰ ਆਏ ਸਨ ਉਹਨਾਂ ਵਿਚ ਡਾ: ਰੋਸ਼ਨ ਲਾਲ ਆਹੂਜਾ, ਸ: ਜੋਧ ਸਿੰਘ ਸ: ਈਸ਼ਰ ਸਿੰਘ ਅਟਾਰੀ, ਪ੍ਰੋ: ਪਿਆਰਾ ਸਿੰਘ ਗਿੱਲ, ਡਾ: ਸੁਰਿੰਦਰ ਪਾਲ ਸਿੰਘ, ਸ੍ਰੀ ਸੁਰੇਸ਼ ਸੇਠ, ਸ੍ਰੀ ਤਰਸੇਮ ਨੀਲ ਗਿਰੀ, ਸ੍ਰੀ ਕੰਵਰ ਸੁਖਦੇਵ, ਸ੍ਰੀ ਹਰਨਾਮ ਦਾਸ ਸਹਿਰਾਈ, ਸ: ਸੁਰਜੀਤ ਸਿੰਘ ਸੇਖੀ, ਸ੍ਰੀ ਰਣਧੀਰ ਸਿੰਘ ਬੇਦੀ, ਸ੍ਰੀ ਕ੍ਰਿਸ਼ਨ ਲਾਲ ਪਰਵਾਨਾ, ਸ੍ਰੀ ਅਵਤਾਰ ਜੌੜਾ, ਸ੍ਰੀ ਅਵਤਾਰ ਭਾਟੀਆ, ਸ੍ਰੀ ਪ੍ਰਕਾਸ਼ ਆਦਿ ਸ਼ਾਮਲ ਹੋਏ।


ਸੰਤੋਖ ਸਿੰਘ ਧੀਰ

ਦੀਆਂ

ਬੰਗਲਾ ਦੇਸ਼ ਬਾਰੇ ਕਵਿਤਾਵਾਂ ਦਾ ਸੰਗ੍ਰਹਿ

ਅੱਗ ਦੇ ਪੱਤੇ

ਪ੍ਰੈਸ ਵਿਚ ਛਪ ਰਿਹਾ ਹੈ। ਛੇਤੀ ਹੀ ਤਿਆਰ

ਹੋਕੇ ਮਾਰਕੀਟ ਵਿਚ ਆ ਜਾਵੇਗਾ।

ਗੈਟ ਅੱਪ ਸੁੰਦਰ ਤੇ ਮੁੱਲ ਵਾਜਬ ਹੋਵੇਗਾ।

ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।

ਜਸਬੀਰ ਭੁੱਲਰ, ਕ੍ਰਿਸ਼ਨ ਸੋਚ, ਕੁਲਦੀਪ ਜੋਸ਼ੀ

ਦਾ

ਸੰਮਿਲਤ ਰਚਨਾ ਸੰਗ੍ਰਹਿ

'ਦਾਅਵੇਦਾਰ'

ਸ਼ਿਵ ਦੇ ਨਹੁੰ ਨਾਲ ਕਲਮ ਹੋਇਆ ਬ੍ਰਹਮਾ ਦਾ ਪੰਜਵਾਂ ਸਿਰ ਆਪਣੀਆਂ ਧੌਣਾਂ ਤੇ ਲੱਗ ਜਾਣ ਦੇ ਉਹ ਦਾਅਵੇਦਾਰ ਨਹੀਂ।

ਉਹ ਦਾਅਵੇਦਾਰ ਹਨ, ਹਾਣ ਪਰਵਾਣ ਦੀ ਅਗਾਂਹ ਨੂੰ ਪੁੱਟੀ ਇਕ ਪੁਲਾਂਘ ਦੇ।

ਅਜੰਤਾ ਪ੍ਰਕਾਸ਼ਨ, 80 ਕਟੜਾ ਮਿੱਤ ਸਿੰਘ
ਅੰਮ੍ਰਿਤਸਰ





Namdhari Elibrary NamdhariElibrary@gmail.com

ਖ਼ਾਲਸਾ ਜੀ ! ਪਗੜੀਆਂ ਵਾਸਤੇ

# ਸਪੈਸ਼ਲ ਵਾਇਲ

## SPECIAL VOIL

ਹਰ ਪ੍ਰਕਾਰ ਦੇ ਦਿਲ ਖਿਚਵੇਂ ਤੇ ਪਕੇ ਰੰਗਾਂ ਵਿਚ

# DELHI BEAUTY

**TRADE MARK**

ਬਨਾਉਣ ਵਾਲੇ—

# ਨਾਮਧਾਰੀ ਟੈਕਸਟਾਈਲ ਬੰਬਈ

# NAMDHARI TEXTILE BOMBAY

**Office : 502 Kakat Market**

**BOMBAY-2**





Namdhari Elibrary NamdhariElibrary@gmail com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 275938
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS;
WOODEN & STEEL FURNITURE

PLEASE CONTACT

# NAMDHARI AGENCIES

2/2068 CHAH ANDARA,
(Behind Jubilee Cinema)
CHANDNI CHOWK, DELHI-110006



Namdhari Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

ਕੁਆਲਟੀ ਮਾਰਕਡ



## ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK


Grams : HABI INDUSTRIES

Phone : 2737

# *HABI INDUSTRIES (Regd.)*

10 Industrial Area

PHAGWARA—144401 (Pb.)





Namdhari Elibrary NamdhariElibrary@gmail.com



TEG

BRAND

UNIVERSAL

JOINT

CROSS FOR ALL

TRUCKS &

CARS

MADE FROM

ALLOY STEEL



**M/S. M.I.S. AUTO INDUSTRIES**

H.O. :
455, Gali Rajan Kalan Kashmere Gate,
DELHI-6
Phone : 588327
Factory : H-15, Bali Nagar, NEW DELHI.


ਤੁਹਾਡਾ ਪੰਨਾ......ਸਫਾ 28 ਦੀ ਬਾਕੀ

ਸ੍ਰੀਮਾਨ ਸੰਪਾਦਕ ਜੀ,

ਵਰਿਆਮ ਜੁਲਾਈ 1976 ਕਿਸੇ ਮਿਤਰ ਪਾਸੋਂ ਦੇਖ ਕੇ ਪੜ੍ਹਿਆ। ਇਸ ਵਿਚ ਮੈਟਰ ਉੱਚ ਪੱਧਰ ਦਾ ਹੈ। ਮੈਨੂੰ "ਕਿਉਂ ਦੁੱਖੀ ਹੁੰਦੇ ਹੋ" ਪ੍ਰੀਤਮ ਸਿੰਘ ਕਵੀ ਦੁਆਰਾ ਅਤੇ "ਮੌਤ ਦਾ ਕੋਈ ਕਰਮ ਨਹੀ" ਕਹਾਣੀ ਬਹੁਤ ਪਸੰਦ ਆਈ "ਮਾਡਰਨ ਮੰਗਤਾ" ਹਾਸ ਰਸ ਕਹਾਣੀ ਵੀ ਚੰਗੀ ਸੀ। ਸਭ ਤੋਂ ਨਿਰਾਲੀ ਗੱਲ ਇਹ ਵੇਖਣ ਵਿਚ ਆਈ ਹੈ ਕਿ ਇਸ ਪਰਚੇ ਵਿਚ ਸੰਗੀਤ ਬਾਰੇ ਵੀ ਲੇਖ ਛਪਿਆ ਹੈ। ਇਹ ਇਕ ਸ਼ਲਾਘਾ ਯੋਗ ਕਦਮ ਹੈ। ਵਰਿਆਮ ਸੰਗੀਤ ਲਈ ਵਿਸ਼ੇਸ਼ ਰੁਚੀ ਰਖਦਾ ਹੈ। ਪ੍ਰੋ: ਜੋਗਿੰਦਰ ਬਾਵਰਾ ਦਾ ਲੇਖ ਮੈਂ ਜੁਲਾਈ ਅਤੇ ਅਗਸਤ 1976 ਦੋਨੋਂ ਪੜ੍ਹੇ ਹਨ। ਇਸ ਤੇ ਸਾਨੂੰ ਇਸ ਵਿਸ਼ੇ ਬਾਰੇ ਕਾਫੀ ਗਿਆਨ ਪ੍ਰਾਪਤ ਹੋਇਆ। ਸੰਗੀਤ ਬਾਰੇ ਆਮ ਹਿੰਦੀ ਵਿਚ ਪੁਸਤਕਾਂ ਮਿਲਦੀਆਂ ਹਨ ਪੰਜਾਬੀ ਵਿਚ ਇਸ ਕਮੀ ਨੂੰ ਵਰਿਆਮ ਪੂਰਾ ਕਰਦਾ ਰਹੇਗਾ।

ਧੰਨਵਾਦ

ਆਪ ਜੀ ਦਾ ਸ਼ੁਭ ਚਿੰਤਕ

ਰਾਜਪਾਲ ਕਪੂਰਥਲਾ


ਮਰਦਾਵੇਂ ਸੂਟਾਂ ਅਤੇ ਕਮੀਜ਼ਾਂ ਦੇ:

ਕਪੜਿਆਂ ਵਾਸਤੇ

ਸਾਡੀਆਂ ਸੇਵਾਵਾਂ ਪ੍ਰਾਪਤ

ਕਰੋ

**ਨਾਮਧਾਰੀ ਕਲਾਥ ਇੰਪੋਰੀਅਮ**

756, ਲਾਜਪਤ ਰਾਏ ਮਾਰਕੀਟ

ਦਿਲੀ-6

ਮਾਲਕ : ਸ: ਗੁਰਬਖਸ਼ ਸਿੰਘ ਨਰਿੰਦਰ ਸਿੰਘ



ਨੌਜਵਾਨ ਕਵੀ ਸਰਵਨ ਰਾਹੀ

ਦਾ

**ਰੰਗ ਹੱਸੇ ਰੰਗ ਰੋਇ**

ਤੋਂ ਬਾਅਦ ਗਜ਼ਲ ਸੰਗ੍ਰਿਹ

**ਅਤ੍ਰਿਪਤ ਸੜਕਾਂ**

—: ਮਿਲਣ ਦਾ ਪਤਾ :—

ਕੰਵਲ ਪਬਲੀਸ਼ਰਜ਼ (ਰਜਿਸਟਰਡ)

ਜੇਲ ਰੋਡ ਲੁਧਿਆਣਾ




Namdhari Elibrary NamdhariElibrary@gmail.com

# ਤੁਹਾਡਾ ਪੰਨਾ

ਸੁਹਿਰਦ ਸੰਪਾਦਕ ਜੀ,

ਪਰਚਾ ਲਗਾਤਾਰ ਮਿਲ ਰਿਹੈ, ਧੰਨਵਾਦੀ ਹਾਂ, ਯਾਦ ਕੀਤੇ ਜਾਣ ਲਈ।

ਇਸ ਵਾਰ ਵਿਰਦੀ ਦੀ ਕਹਾਣੀ "ਧੀਆਂ" ਬਹੁਤ ਪਿਆਰੀ ਰਚਨਾ ਹੈ, ਤੇ ਵਿਰਦੀ ਮੁੰਡੇ ਪੜ੍ਹਾਉਣ ਦਾ ਹੀ ਉਸਤਾਦ ਨਹੀਂ, ਕਹਾਣੀ ਲਿਖਣ ਦਾ ਵੀ ਉਸਤਾਦ ਹੈ। ਗੁਰਭਜਨ ਗਿਲ ਦੀਆਂ ਛੋਟੀਆਂ ਨਜ਼ਮਾਂ ਵੀ ਪਸੰਦ ਆਈਆਂ। ਹੋਰ ਚੰਗੇਰੇ ਸਾਹਿਤ ਦਾ ਢੋਆ ਲੈ ਕੇ "ਵਰਿਆਮ" ਪਾਠਕਾਂ ਤੀਕ ਪੁਜੇ, ਇਹ ਮੇਰੀ ਦਿਲੀ ਇੱਛਾ ਹੈ।

ਪ੍ਰੋ: ਐਸ. ਐਨ ਸੇਵਕ ਬਹੁਤ ਸਿਆਣਾ ਲੇਖਕ ਹੈ ਪਰ ਉਹਨਾਂ ਦੀ ਅਧੂਰੀ ਰਾਏ ਪੜ੍ਹ ਕੇ ਮਨ ਉਦਾਸ ਜਿਹਾ ਹੋ ਗਿਆ ਹੈ। ਉਹਨਾਂ ਦੀ ਮਜਬੂਰੀ ਤਾਂ ਸਮਝ ਆਉਂਦੀ ਹੈ ਪਰ ਨਵੇਂ ਚਿਹਰੇ ਹਰਚੰਦ ਸਿੰਘ ਬੇਦੀ, ਜੋਗਿੰਦਰ ਕੈਰੋਂ, ਖਾਸ ਕਰ ਕੇ ਸ਼ਿਵ ਨਾਥ ਆਦਿ ਦੀ ਗਲ ਨਾ ਕਰਨੀ ਅੰਨਿਆਂ ਹੀ ਹੈ।

ਤੁਹਾਡਾ ਹਿਤੂ

ਨਵੀਂ ਦਿਲੀ — ਇਕਬਾਲ ਦੀਪ

—:o:—

ਪਿਆਰੇ ਵੀਰ,

'ਵਰਿਆਮ' ਚੰਗਾ ਲਗ ਰਿਹਾ ਹੈ। ਪਿਛਲੀ ਵਾਰ ਪ੍ਰੋ: ਸੇਵਕ ਨੇ ਨਵੀਂ ਪੰਜਾਬੀ ਕਹਾਣੀ ਦੇ ਨਿਖਰੇ ਚਿਹਰਿਆਂ ਵਿਚ ਮੈਨੂੰ ਸ਼ਾਮਲ ਤਾਂ ਕੀਤਾ ਹੈ—ਮੇਰੀਆਂ ਦਸਵਾਂ ਹਿੱਸਾ ਕਹਾਣੀਆਂ ਵੀ ਪੜੀਆਂ ਨਹੀਂ ਜਾਪਦੀਆਂ—ਮੇਰੀਆਂ ਕਹਾਣੀਆਂ ਤਿੰਨ ਛਪੀਆਂ ਪੁਸਤਕਾਂ ਵਿਚੋਂ ਸੇਵਕ ਸਾਹਿਬ ਨੇ ਸਿਰਫ "ਸਲੀਬ ਉਤੇ ਟੰਗਿਆ ਮਨੁੱਖ" ਪੁਸਤਕ ਦੀਆਂ ਪਹਿਲੀਆਂ ਪੰਜ ਛੇ ਕਹਾਣੀਆਂ ਹੀ ਪੜ੍ਹੀਆਂ ਲਗਦੀਆਂ ਹਨ। ਏਸੇ ਕਰਕੇ ਮੇਰੀਆਂ ਕਹਾਣੀਆਂ ਬਾਰੇ ਉਹਨਾਂ ਦਾ ਨਜ਼ਰੀਆ ਹਾਲੀ ਨਹੀਂ ਬਣ ਸਕਿਆ।

—ਹਮਦਰਦ ਵੀਰ ਨੌਸ਼ਹਿਰਵੀ, ਸਮਰਾਲਾ

ਪਿਆਰੇ ਜਗਦੀਸ਼ ਸਿੰਘ ਜੀ,

"ਵਰਿਆਮ" ਦੇ ਜੁਲਾਈ ਅੰਕ ਵਿਚ ਮੈਂ ਸਭ ਤੋਂ ਪਹਿਲਾਂ ਤੁਹਾਡੇ ਸੰਪਾਦਕੀ ਦੀ ਗੱਲ ਹੀ ਕਰਾਂਗਾ ਜਿਸ ਵਿਚ ਤੁਸਾਂ ਸਮੇਂ ਦੀ ਨਬਜ਼ ਤੇ ਉਂਗਲ ਰਖੀ ਹੈ। ਭਾਵੇਂ ਕੁਝ ਕੁ "ਬਹੁਤੇ" ਹੀ ਬੁੱਧੀਜੀਵੀ ਲੋਕ ਅਜ ਕਲ੍ਹ ਅਮਨ ਦੀ ਗੱਲ ਨੂੰ ਸਿਆਸਤ ਆਖ ਕੇ ਇਸ ਲਹਿਰ ਵਲੋਂ ਹਕਾਰਤ ਨਾਲ ਮੂੰਹ ਮੋੜਨ ਦੀ ਜੁਰਅਤ ਕਰਦੇ ਹਨ ਪਰ ਅਜ ਦੇ ਸੰਸਾਰ ਵਿਚ ਅਮਨ ਦੇ ਸੁਆਲ ਵਲੋਂ ਅਵੇਸਲੇ ਹੋਣਾ ਕਿੰਨਾ ਕੁ ਆਤਮਘਾਤੀ ਹੋ ਸਕਦਾ ਹੈ, ਇਸ ਵਲ ਤੁਹਾਡੇ ਸੰਪਾਦਕੀ ਦਾ ਇਸ਼ਾਰਾ ਬੜਾ ਹਕੀਕੀ ਹੈ। ਇਸ ਉਤੇ ਕੰਨ ਧਰਨਾ ਬਹੁਤ ਜ਼ਰੂਰੀ ਹੈ।

ਕਹਾਣੀ ਭਾਗ ਵੀ ਚੰਗਾ ਸੀ। ਕੇ. ਐਲ. ਗਰਗ ਦੀ ਕਹਾਣੀ ਉਚੇਚੇ ਵਰਨਣ ਦੀ ਮੰਗ ਕਰਦੀ ਹੈ। ਕਵੀ ਜੀ ਨੇ ਜੀਵਨ-ਜਾਚ ਦਸਦਿਆਂ ਦੁਖ ਦੇ ਇਹਸਾਸ ਨੂੰ ਨਿਖਾਰ ਕੇ ਸਾਹਮਣੇ ਲਿਆਂਦਾ ਹੈ।

ਪੰਨੂੰ ਦਾ ਲਿਬਨਾਨ ਬਾਰੇ ਲੇਖ ਉਸ ਦੇ ਪਿਛਲੇ ਲੇਖਾਂ ਨਾਲੋਂ ਫੁਸਫੁਸਾ ਸੀ। ਪਹਿਲਾਂ ਵਾਂਗ ਤੱਥਾਂ ਦੀ ਗੁਆਹੀ ਦੇਣ ਦੀ ਥਾਂ ਆਪਣੇ ਥੀਸਸ ਹੀ ਪੇਸ਼ ਕਰਦਾ ਗਿਆ ਹੈ।

ਜਗਰਾਉਂ (ਲੁਧਿਆਣਾ) —ਕੁਲਤਾਰ ਸਿੰਘ

—:o:—

ਪਿਆਰੇ ਜਗਦੀਸ਼ ਸਿੰਘ,

ਯਾਦ ਪ੍ਰਵਾਨ ਕਰਨੀ!

ਆਸ ਹੈ ਕਿ ਆਨੰਦ ਪ੍ਰਸੰਨ ਹੋਵੋਗੇ। 'ਵਰਿਆਮ' ਨਿਯਮ ਨਾਲ ਮਿਲ ਰਿਹਾ ਤੇ ਦਿਨੋਂ ਦਿਨ ਨਿਖਰ ਰਿਹਾ ਹੈ, ਚੰਗਾ ਹੋਵੇ ਜੇਕਰ ਇਸ ਨੂੰ ਕੇਵਲ ਸਾਹਿੱਤਕ ਖੇਤਰ ਤਕ ਹੀ ਮਹਿਦੂਦ ਰਖਿਆ ਜਾਵੇ। ਤਰਤੀਬ ਵੀ ਜ਼ਰਾ ਬਦਲੀ ਜਾਵੇ. ਪਹਿਲਾਂ ਕਵਿਤਾਵਾਂ ਫੇਰ ਕਹਾਣੀਆਂ ਤੇ ਅੰਤ 'ਚ ਨਿਬੰਧ ਆਦਿ ਦਿਤੇ ਜਾਇਆ ਕਰਨ। ਮੁੱਖ ਚਿੱਤਰ ਇਕੋ ਵਾਰ ਕਿਸੇ ਸੂਝਵਾਨ ਚਿਤਰਕਾਰ ਤੋਂ ਬਣਵਾ ਕੇ ਹਰ ਵਾਰ ਭਾਵੇਂ ਰੰਗ ਬਦਲ ਕੇ ਦੇ ਦਿਤਾ ਜਾਇਆ ਕਰੇ, ਹੋਰ ਵੀ ਚੰਗਾ ਹੋਵੇ ਜੇਕਰ ਸਾਈਜ਼ 18—22—8 ਕਰ ਦਿਤਾ ਜਾਵੇ।

ਕੋਈ ਸੇਵਾ ਮੇਰੇ ਤਕ?

ਨਿਘੀਆਂ ਸ਼ੁਭ-ਇਛਾਵਾਂ ਸਾਹਿਤ

ਮਹਿੰਦਰ ਸਿੰਘ 'ਦੋਸਾਂਝ'

ਪਿੰਡ ਤੇ ਡਾਕਘਰ ਜਗਤਪੁਰ,
ਰਾਹੀਂ ਮੁਕੰਦਪੁਰ,
ਜ਼ਿਲਾ ਜਲੰਧਰ

ਬਾਕੀ ਸਫਾ 27 ਤੇ



Namdhari Elibrary NamdhariElibrary@gmail.com

ਤੋਂ ਜੋ ਪ੍ਰਮਾਣ ਕਢੇ ਹਨ, ਮਕੇ ਮਦੀਨੇ ਜਾਂ ਅਨੇਕਾਂ ਹੋਰ ਥਾਵਾਂ ਉਤੇ ਉਹਨਾਂ ਦੇ ਆਧਾਰ ਉਤੇ ਹੀ ਕਈ ਅਟਲ ਸਚਾਈਆਂ ਨੂੰ ਦ੍ਰਿੜਾਇਆ ਸੀ—ਪ੍ਰਮਾਣਤ ਕੀਤਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਦੇ ਸਿਧਾਂਤ ਨੂੰ ਪ੍ਰਤਖ ਰੂਪ ਵਿਚ ਪ੍ਰਮਾਣਤ ਕੀਤਾ ਸੀ । ਸਿਖ ਧਰਮ ਵਿਚ ਕਰਾਮਾਤ ਨੂੰ ਹਮੇਸ਼ਾਂ ਹੀ ਕੁਦਰਤ ਦੇ ਉਲਟ ਸਮਝਿਆ ਗਿਆ ਹੈ ।

ਸਤਿਗੁਰੂ ਜਗਜੀਤ ਸਿੰਘ ਜੀ ਪਿਛਲੇ ਵੀਰਵਾਰ ਇਤਫਾਕਨ ਸਾਊਥਾਲ ਆਏ ਸਨ ਤੇ ਨਾਮਧਾਰੀ ਸੰਗਤ ਵਲੋਂ ਮਾਂਗਟ ਹਾਲ ਕਰਾਏ ਉਤੇ ਲਿਆ ਗਿਆ ਸੀ । ਅਸੀਂ ਇਹ ਗਲ ਸਪਸ਼ਟ ਕਰ ਦੇਣੀ ਚਾਹੁੰਦੇ ਹਾਂ ਕਿ ਸਤਿਗੁਰੂ ਜਾਂ ਨਾਮਧਾਰੀ ਸੰਗਤ ਦਾ ਮੀਂਹ ਲਈ ਉਚੇਚੇ ਤੌਰ ਉਤੇ 'ਰੇਨ ਫੈਸਟੀਵਲ' ਨਾਂ ਦੇ ਸਮਾਗਮ ਵਿਚ ਅਰਦਾਸ ਕਰਨ ਦਾ ਕੋਈ ਪਰੋਗਰਾਮ ਨਹੀਂ ਸੀ । ਅਫਸੋਸ ਇਹ ਹੈ ਕਿ ਇਸ ਨੂੰ ਗਲਤ ਢੰਗ ਨਾਲ ਪਰਚਾਰਿਆ ਗਿਆ ਹੈ ।

ਵਿਲੀਅਰਡਜ਼ ਰੋਡ ਉਤੇ ਇਸ ਹਾਲ ਦੇ ਮਾਲਕ ਮਾਂਗਟ ਟੋਰੀ ਪਾਰਟੀ ਨਾਲ ਸਬੰਧਤ ਹਨ ਤੇ ਕਿਹਾ ਜਾਂਦਾ ਹੈ ਕਿ ਉਹ ਸੋਸ਼ੇਬਾਜ਼ ਕਿਸਮ ਦੇ ਬੰਦੇ ਹਨ । ਨਾਮਧਾਰੀ ਸਤਿਗੁਰੂ, ਮਹਾਰਾਜ ਜਗਜੀਤ ਸਿੰਘ ਜੀ ਦੇ ਕਰੀਬੀ ਹਲਕਿਆਂ ਨੇ "ਸੰਦੇਸ਼" ਨੂੰ ਦਸਿਆ ਕਿ ਇਹ ਰੇਨ ਫੈਸਟੀਵਲ ਮਾਂਗਟ ਹੋਰਾਂ ਦੇ ਆਪਣੇ ਹੀ ਦਿਮਾਗ ਦੀ ਕਾਢ ਹੈ ਤੇ ਉਸਨੇ ਸੰਗਤਾਂ ਦੀ ਮਰਜ਼ੀ ਦੇ ਉਲਟ ਟੈਲੀਵੀਜਨ ਤੇ ਅਖਬਾਰਾਂ ਵਾਲਿਆਂ ਨੂੰ ਬੁਲਾਇਆ ਸੀ ।

ਵੀਰਵਾਰ 26 ਅਗਸਤ ਨੂੰ ਸ਼ਾਮ ਨੂੰ ਦੀਵਾਨ ਪਿਛੋਂ ਸਤਿਗੁਰੂ ਮਹਾਰਾਜ ਜਦ ਫੇਰੇ ਉਤੇ ਗਏ ਤਾਂ ਉਹਨਾਂ ਨੂੰ ਟੈਲੀਵੀਜਨ ਤੇ ਅਖਬਾਰਾਂ ਵਾਲਿਆ ਨੂੰ ਵੇਖ ਕੇ ਹੈਰਾਨੀ ਹੋਈ । ਸ: ਮਾਂਗਟ ਨੇ ਇਹ ਪਰਚਾਰ ਕੀਤਾ ਸੀ ਕਿ ਸਤਿਗੁਰੂ ਹੋਰੀਂ ਮੀਂਹ ਪੁਆਉਣ ਲਈ ਸਮਾਗਮ ਕਰਣ ਆ ਰਹੇ ਹਨ ।

ਨਾਮਧਾਰੀ ਸੰਗਤ ਨੇ ਸ: ਮਾਂਗਟ ਹੋਰਾਂ ਦੀ ਇਸ ਗਲ ਦਾ ਬਹੁਤ ਬੁਰਾ ਮਨਾਇਆ ਕਿਉਂਕਿ ਸਤਿਗੁਰਾਂ ਦਾ ਕਰਾਮਾਤ ਵਿਚ ਕੋਈ ਵਿਸ਼ਵਾਸ ਨਹੀਂ । ਜਦ ਡਾਕਟਰ ਮਾਂਗਟ ਨੂੰ ਇਸ ਬਾਰੇ ਪੁਛਿਆ ਗਿਆ ਤਾਂ ਉਹਨਾਂ ਕਹਿ ਦਿਤਾ ਕਿ ਉਹਨਾ ਅਪਣੀ ਪਬਲਿਸਿਟੀ ਲਈ ਇਹ ਕੰਮ ਕੀਤਾ ਹੈ ।

ਯਾਦ ਰਹੇ ਕਿ ਸਤਿਗੁਰੂ ਮਹਾਰਾਜ ਦੀ ਹਮੇਸ਼ਾ ਇਹ ਪਰੇਰਨਾ ਰਹੀ ਹੈ ਕਿ ਉਥੇ ਵਸਦੇ ਲੋਕ ਉਸ ਦੇਸ਼ ਦੇ ਭਲੇ ਲਈ ਸੋਚਣ । ਉਨ੍ਹਾਂ ਕੀਨੀਆਂ ਵਿਚ ਉਸਾਰੂ ਕੰਮ ਵਿਚ ਭਾਰਤੀਆਂ ਨੂੰ ਹਿਸਾ ਪਾਉਣ ਲਈ ਪਰੇਰਿਆ ਹੈ । ਉਹ ਇਸ ਗਲ ਦੇ ਹੱਕ ਵਿਚ ਤਾਂ ਸਨ ਕਿ ਇਸ ਸਖਤ ਔੜ ਦੇ ਮੌਕੇ ਉਤੇ ਸੰਗਤ ਇੰਗਲੈਂਡ ਵਿਚ ਮੀਂਹ ਪੁਆਉਣ ਲਈ ਵਾਹਿਗੁਰੂ ਦੀ ਦਰਗਾਹ ਵਿਚ ਅਰਦਾਸ ਕਰੇ—ਪਰ ਉਹ ਕਿਸੇ ਕਰਾਮਾਤ ਦੇ ਹੱਕ ਵਿਚ ਨਹੀਂ ਸਨ । ਇਸ ਲਈ ਉਹਨਾਂ ਪੰਡਤ ਗੋਪਾਲ ਸਿੰਘ ਹੋਰਾਂ ਨੂੰ ਅਰਦਾਸ ਕਰਨ ਲਈ ਕਿਹਾ । ਜਿਵੇਂ ਗੁਰਬਾਣੀ ਵਿਚ ਲਿਖਿਆ ਹੈ ਕਿ 'ਬਿਰਥਾ ਕਦੇ ਨਾ ਹੋਵਈ ਜਨ ਕੀ ਅਰਦਾਸ' । ਇਹ ਅਰਦਾਸ ਕਬੂਲ ਹੋ ਗਈ ਤੇ ਇੰਗਲੈਂਡ ਭਰ ਵਿਚ ਬਰਖਾ ਹੋ ਗਈ ।

ਡਾ: ਮਾਂਗਟ ਵਲੋਂ ਆਪਣੇ ਵਿਲੀਅਰਡਜ਼ ਰੋਡ ਸਾਊਥਾਲ ਵਾਲੇ ਹਾਲ ਦਾ ਪ੍ਰਾਪੇਗੰਡਾ ਕਰਨ ਲਈ ਸਤਿਗੁਰਾਂ ਦੇ ਨਾਂ ਨੂੰ ਜਿਸ ਢੰਗ ਨਾਲ ਵਰਤਿਆ ਹੈ ਅਤੇ ਸਿਖੀ ਦੀ ਅੱਟਲ ਸਚਾਈ ਦੇ ਉਲਟ ਜਾ ਕੇ ਇਸ ਨੂੰ ਇਕ ਕਰਾਮਾਤ ਕਹਿਕੇ ਪ੍ਰਚਾਰਿਆ ਹੈ । ਉਸਦਾ ਨਾਮਧਾਰੀ ਸੰਗਤ ਵਲੋਂ ਵੀ ਖੰਡਨ ਕੀਤਾ ਗਿਆ ਹੈ ਅਤੇ ਅਸੀਂ ਵੀ ਨਖੇਧੀ ਕਰਦੇ ਹਾਂ । ਮਹਾਂਪੁਰਸ਼ਾਂ ਦੀ ਸ਼ਖਸੀਅਤ ਨੂੰ ਇਸ ਢੰਗ ਨਾਲ ਨਹੀਂ ਵਰਤਿਆ ਜਾਣਾ ਚਾਹੀਦਾ । ਇਹ ਤਾਂ ਪ੍ਰਮਾਤਮਾ ਦੀ ਰਜ਼ਾ ਸੀ, ਕੁਦਰਤ ਦੀ ਮਰਜ਼ੀ ਸੀ ਕਿ ਇੰਗਲੈਂਡ ਦੀ ਧਰਤੀ ਉਤੇ ਪਿਛਲੇ ਅਨੇਕਾਂ ਸਾਲਾਂ ਪਿਛੋਂ ਏਨਾ ਸੋਕਾ ਪਿਆ ਹੋਵੇ, ਤੇ ਲਗਾਤਾਰ ਕਈ ਮਹੀਨੇ ਮੀਂਹ ਨਾ ਪਿਆ ਹੋਵੇ । ਸੰਗਤ ਦੀ ਸਚੇ ਦਿਲੋਂ ਕੀਤੀ ਗਈ ਅਰਦਾਸ ਵਾਹਿਗੁਰੂ ਦੀ ਦਰਗਹ ਵਿਚ ਕਬੂਲ ਹੋਣ ਤੇ ਅਸੀਂ ਬਹੁਤ ਪਰਸੰਨ ਹਾਂ ਕਿਉਂਕਿ ਟੈਲੀਵੀਜਨ ਉਤੇ ਉਸੇ ਰਾਤ ਮੌਸਮ ਬਾਰੇ ਕੀਤੀ ਗਈ ਭਵਿਖ ਬਾਣੀ ਵਿਚ ਕਿਹਾ ਸੀ ਕਿ 6 ਸਤੰਬਰ ਤਕ ਮੀਂਹ ਪੈਣ ਦੀ ਕੋਈ ਸੰਭਾਵਣਾ ਨਹੀਂ ।

ਡਾ: ਮਾਂਗਟ ਹੋਰਾਂ ਬਾਰੇ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਉਹਨਾਂ ਕੋਲੋਂ ਹਾਲ ਕਰਾਏ ਉਤੇ ਲਿਆ ਗਿਆ ਤੇ ਨਾਮਧਾਰੀ ਸਮਾਗਮ ਸਿਰਫ ਨਾਮਧਾਰੀ ਰਵਾਇਤ ਅਨੁਸਾਰ ਕੁਝ ਸ਼ਾਦੀਆਂ ਕਰਨ ਲਈ ਰਖਿਆ ਗਿਆ ਸੀ । ਇਸ ਮੌਕੇ ਨੂੰ ਸ: ਮਾਂਗਟ ਨੇ ਪ੍ਰਾਪੇਗੰਡੇ ਤੇ ਆਪਣੇ ਪਰਚਾਰ ਲਈ ਵਰਤਿਆ । ਉਹਨਾਂ ਨੇ ਬਰਤਾਨਵੀ ਪਰੈਸ ਕੋਲ ਅਜਿਹੇ ਬਿਆਨ ਦਿਤੇ, ਜਿਸਦਾ ਸਤਿਗੁਰਾਂ ਜਾਂ ਨਾਮਧਾਰੀ ਸੰਗਤ ਦਾ ਕੋਈ ਸਬੰਧ ਨਹੀਂ ।



Namdhari Elibrary NamdhariElibrary@gmail.com

Registered : P/JL—76 MONTHLY WARIAM September 1976
Registered with the registrar of News Papers for India No. 26453/75

ਪੰਜਾਬ ਇਸਤਰੀ ਸਭਾ ਵਲੋਂ

# ਅਹਿਮ ਅਪੀਲ

ਸਾਡੇ ਲਈ ਇਹ ਬੜੀ ਗੌਰਵਮਈ ਤੇ ਮਾਣ ਵਾਲੀ ਗੱਲ ਹੈ ਕਿ ਭਾਰਤੀ ਇਸਤਰੀਆਂ ਦੀ ਕੌਮੀ ਜਥੇਬੰਦੀ, ਭਾਰਤੀ ਮਹਿਲਾ ਕੌਮੀ ਫੈਡਰੇਸ਼ਨ ਨੇ ਆਪਣੀ ਨੌਵੀਂ ਕਾਂਗਰਸ ਸਾਡੇ ਸੂਬੇ ਦੇ ਉੱਘੇ ਸ਼ਹਿਰ ਜਲੰਧਰ ਵਿਚ ਕਰਨ ਦਾ ਫੈਸਲਾ ਕੀਤਾ ਹੈ। ਇਸ ਕਾਂਗਰਸ ਦੀਆਂ ਤਾਰੀਖਾਂ ਵੀ ਮਿੱਥ ਦਿਤੀਆਂ ਗਈਆਂ ਹਨ। ਇਹ ਤਾਰੀਖਾਂ ਹਨ : ਅੱਠ ਨੌਂ, ਦਸ ਤੇ ਗਿਆਰਾਂ ਅਕਤੂਬਰ।

ਇਹ ਦਿਨ ਸਾਡੇ ਪ੍ਰਦੇਸ਼ ਦੇ ਇਤਿਹਾਸ ਵਿਚ ਸਚਮੁਚ ਯਾਦਗਾਰੀ ਦਿਨ ਬਣ ਜਾਣਗੇ। ਜਦੋਂ ਕਿ ਇਸ ਮਹਾਨ ਕਾਂਗਰਸ ਵਿਚ ਦੇਸ਼ ਦੇ ਕੋਨੇ ਕੋਨੇ ਤੋਂ 2000 ਚੁਣੀਆਂ ਹੋਈਆਂ ਪ੍ਰਮੁਖ ਇਸਤਰੀਆਂ ਆਉਣਗੀਆਂ। ਅੰਗੋਲਾ, ਵੀਅਤਨਾਮ, ਰੂਸ, ਬਲਗਾਰੀਆ, ਇਟਲੀ, ਫਰਾਂਸ ਵਰਗੇ 40 ਦੇਸ਼ਾਂ ਤੋਂ ਇਸਤਰੀ ਆਗੂਆਂ ਵੀ ਸ਼ਾਮਲ ਹੋਣਗੀਆਂ।

ਕਾਂਗਰਸ ਦੇ ਖੁਲ੍ਹੇ ਤੇ ਡੈਲੀਗੇਟ ਸਮਾਗਮਾਂ ਵਿਚ ਸ੍ਰੀਮਤੀ ਅਰੁਣਾ ਆਸਫਅਲੀ, ਸ੍ਰੀ ਵਿਮਲਾ ਫਾਰੂਕੀ, ਹਮੀਦਾ ਹਬੀਬੁਲਾ, ਪ੍ਰਮਿਲਾ ਲੂੰਬਾ, ਕਲਿਆਣੀ ਕੁਮਾਰਾਮੰਗਲਮ ਆਦਿ ਤਕਰੀਰਾਂ ਕਰਨਗੀਆਂ।

ਭਾਰਤੀ ਮਹਿਲਾ ਕੌਮੀ ਫੈਡਰੇਸ਼ਨ ਸਾਡੇ ਦੇਸ਼ ਦੀਆਂ ਇਸਤਰੀਆਂ ਦੀ ਇਕ ਸਜੱਗ ਸ਼ਕਤੀਸ਼ਾਲੀ ਤੇ ਸਦਾ ਵਧ ਫੁਲ ਰਹੀ ਸ਼ਕਤੀ ਹੈ। ਇਸ ਦਾ ਇਤਿਹਾਸ ਸ਼ਾਨਦਾਰ ਸੰਗਰਾਮਾਂ ਤੇ ਪ੍ਰਾਪਤੀਆਂ ਦਾ ਇਤਿਹਾਸ ਹੈ।

ਇਹ ਇਕ ਬੜੀ ਮਹੱਤਵ-ਪੂਰਨ ਗੱਲ ਹੈ ਕਿ ਭਾਰਤੀ ਨਾਰੀਆਂ ਦੀ ਇਸ ਕੌਮੀ ਫੈਡਰੇਸ਼ਨ ਨੇ ਸਦਾ ਹੀ ਇਸਤਰੀਆਂ ਦੇ ਸੰਘਰਸ਼ ਨੂੰ ਵਿਸ਼ਾਲ ਕੌਮੀ ਸੰਘਰਸ਼ਾਂ ਨਾਲ ਸੁਮੇਲ ਕੇ ਚਲਾਇਆ ਹੈ। ਉਸ ਦਾ ਯਕੀਨ ਹੈ ਕਿ ਟੱਬਰ ਤੇ ਸਮਾਜ ਵਿਚ ਇਸਤਰੀਆਂ ਦੇ ਰੁਤਬੇ ਨੂੰ ਉੱਚਾ ਚੁਕਣ ਦਾ ਸੰਘਰਸ਼ ਵਿਤਕਰੇ ਤੇ ਨਾਬਰਾਬਰੀ ਵਿਰੁਧ ਅਤੇ ਸਮਾਜੀ ਨਿਆਂ ਲਈ ਸੰਘਰਸ਼ ਕਰ ਰਹੀਆਂ ਦੂਜੀਆਂ ਸਾਰੀਆਂ ਸ਼ਕਤੀਆਂ ਦੇ ਘੋਲ ਨਾਲ ਅਨਿਖੜਵੇਂ ਤੌਰ ਤੇ ਜੁੜਿਆ ਹੋਇਆ ਹੈ। ਇਸਤਰੀਆਂ ਦੀ ਇਹ ਜਥੇਬੰਦੀ ਆਪਣੀ ਜਦੋਜਹਿਦ ਨੂੰ ਆਜ਼ਾਦ ਕੌਮੀ ਵਿਕਾਸ ਜਮਹੂਰੀਅਤ ਤੇ ਸੈਕੂਲਰਿਜ਼ਮ ਦੀ ਰਖਿਆ ਦੀ ਜਦੋਜਹਿਦ ਨਾਲ ਜੋੜ ਕੇ ਚਲਾਉਂਦੀ ਹੈ। ਪਿਛਾਖੜ ਵਿਰੁਧ ਸੰਘਰਸ਼, ਐਮਰਜੰਸੀ ਦੀ ਭਾਵਨਾ ਨੂੰ ਸਾਕਾਰ ਕਰਨ ਲਈ ਘੋਲ ਤੇ ਵੀਹ-ਨੁਕਾਤੀ ਪਰੋਗਰਾਮ ਉਤੇ ਅਸਰਦਾਰ ਤੇ ਤੇਜ਼ ਰਫਤਾਰ ਅਮਲ ਲਈ ਅਣਥੱਕ ਘਾਲਣਾ ਇਸ ਦੀਆਂ ਸਰਗਰਮੀਆਂ ਦੇ ਵਿਸ਼ੇਸ਼ ਲੱਛਣ ਹਨ।

ਇਸਤਰੀਆਂ ਦੀ ਵਿਦਿਆ ਅਤੇ ਇਲਾਜ, ਘਰ ਤੇ ਖੁਰਾਕ ਦੀਆਂ ਸਹੂਲਤਾਂ, ਰੁਜ਼ਗਾਰ ਲਈ ਮੌਕਿਆਂ ਦੀ ਪ੍ਰਾਪਤੀ ਦਲਿਦਰ ਤੇ ਗਰੀਬੀ ਤੋਂ ਬੰਦ-ਖਲਾਸ ਆਦਿ ਉਹ ਉਦੇਸ਼ ਹਨ, ਜਿਨ੍ਹਾਂ ਲਈ ਫੈਡਰੇਸ਼ਨ ਦ੍ਰਿੜ੍ਹਤਾ ਤੇ ਸਿਰੜ ਨਾਲ ਜੂਝਦੀ ਚਲੀ ਆ ਰਹੀ ਹੈ।

ਦਾਜ-ਵਿਰੋਧੀ ਕਾਨੂੰਨ, ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਫੈਸਲਾ, ਬਾਲਗ ਵਿਦਿਆ ਲਈ ਮੁਹਿੰਮ, ਪੰਜਾਬ ਵਿਚ ਵਿਆਹ ਦੇ ਪਹਿਲੇ ਸੱਤ ਸਾਲਾਂ ਦੌਰਾਨ ਮਰਨ ਵਾਲੀ ਇਸਤਰੀ ਦੀ ਮੌਤ ਬਾਰੇ ਮਾਪਿਆਂ ਵਲੋਂ ਕਿਸੇ ਕਿਸਮ ਦਾ ਸ਼ੱਕ ਹੋਣ ਤੇ ਪੋਸਟ ਮਾਰਟਮ ਦਾ ਜ਼ਰੂਰੀ ਹੋਣਾ, ਕਈ ਰਾਜਾਂ ਵਿਚ ਬੇਰੁਜ਼ਗਾਰ ਇਸਤਰੀਆਂ ਲਈ ਬੈਂਕਾਂ ਤੋਂ ਕਰਜ਼ਿਆਂ ਦੀ ਪ੍ਰਾਪਤੀ ਤੇ ਹੋਰ ਅਨੇਕਾਂ ਪ੍ਰਾਜੈਕਟਾਂ ਤੇ ਪ੍ਰਾਪਤੀਆਂ ਦਾ ਸਿਹਰਾ ਇਸ ਫੈਡਰੇਸ਼ਨ ਦੇ ਸਿਰ ਹੈ।

ਨੌਵੀਂ ਕਾਂਗਰਸ ਇਹਨਾਂ ਸਫਲਤਾਵਾਂ ਨੂੰ ਹੋਰ ਅਗੇ ਖੜਨ ਤੇ ਹਰ ਖੇਤਰ ਵਿਚ ਹਕੀਕੀ ਬਰਾਬਰੀ ਦੇ ਅਸੂਲ ਨੂੰ ਯਕੀਨੀ ਬਨਾਉਣ ਤੇ ਕੌਮੀ ਉਦੇਸ਼ਾਂ ਦੀ ਪ੍ਰਾਪਤੀ ਤੇ ਸੰਸਾਰ ਅਮਨ ਲਈ ਹੋ ਰਹੀਆਂ ਜਦੋਜਹਿਦਾਂ ਵਿਚ ਹੋਰ ਵੀ ਅਸਰਦਾਰ ਰੋਲ ਅਦਾ ਕਰਨ ਲਈ ਅਹਿਮ ਫੈਸਲੇ ਲਵੇਗੀ।

ਕੰਮ ਬਹੁਤ ਵੱਡਾ ਹੈ। ਸਮਾਂ ਥੋੜ੍ਹਾ ਹੈ। ਪ੍ਰਾਹੁਣਚਾਰੀ ਦੀ ਰਵਾਇਤ ਨੂੰ ਸੁਰਜੀਤ ਰਖਣਾ ਹੈ।

ਇਸ ਲਈ ਹਰ ਦੇਸ਼ ਭਗਤ ਤੇ ਜਮਹੂਰੀਅਤ ਪਸੰਦ ਪੰਜਾਬੀ ਦਾ ਫਰਜ਼ ਹੈ ਕਿ ਇਸ ਦੀ ਸਫਲਤਾ ਲਈ ਸਹਿਯੋਗ ਦੇਵੇ। ਵੱਧ ਤੋਂ ਵੱਧ ਮਾਲੀ ਸਹਾਇਤਾ ਕਰੋ। ਧੰਨਵਾਦੀ ਹੋਵਾਂਗੀਆਂ।

ਤੁਹਾਡੀਆਂ ਭੈਣਾਂ :

ਊਸ਼ਮਾ ਰੇਖੀ ਪ੍ਰਧਾਨ    ਵਿਮਲਾ ਡਾਂਗ ਜਨਰਲ ਸਕੱਤਰ
ਪੰਜਾਬ ਇਸਤਰੀ ਸਭਾ

ਐਡੀਟਰ, ਪ੍ਰਿੰਟਰ ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ... ਮਿਤੀ 15-9-76
Namdhari Elibrary NamdhariElibrary@gmail.com